I am a sacrifice, my soul is a sacrifice, to those who sing the Glorious Praises of the Lord of the Universe.

ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ ॥੧॥ ਰਹਾਉ ॥
गोबिदु गोबिदु कहै दिन राती गोबिद गुण सबदि सुणावणिआ ॥१॥ रहाउ ॥
gobid gobid kahai din raatee gobid gun sabad sunaavni-aa. ||1|| rahaa-o.
So chant Gobind, Gobind, the Lord of the Universe, day and night; sing the Glorious Praises of the Lord Gobind, through the Word of His Shabad. ||1||Pause||

ਗੋਬਿਦੁ ਗਾਵਹਿ ਸਹਜਿ ਸੁਭਾਏ ॥
गोबिदु गावहि सहजि सुभाए ॥
gobid gaavahi sahj subhaa-ay.
Sing of the Lord Gobind with intuitive ease,

ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥
गुर कै भै ऊजल हउमै मलु जाए ॥
gur kai bhai oojal ha-umai mal jaa-ay.
in the Fear of the Guru; you shall become radiant, and the filth of egotism shall depart.

ਸਦਾ ਅਨੰਦਿ ਰਹਹਿ ਭਗਤਿ ਕਰਹਿ ਦਿਨੁ ਰਾਤੀ ਸੁਣਿ ਗੋਬਿਦ ਗੁਣ ਗਾਵਣਿਆ ॥੨॥
सदा अनंदि रहहि भगति करहि दिनु राती सुणि गोबिद गुण गावणिआ ॥२॥
sadaa anand raheh bhagat karahi din raatee sun gobid gun gaavani-aa. ||2||
Remain in bliss forever, and perform devotional worship, day and night. Hear and sing the Glorious Praises of the Lord Gobind. ||2||

ਮਨੂਆ ਨਾਚੈ ਭਗਤਿ ਦ੍ਰਿੜਾਏ ॥
मनूआ नाचै भगति दृड़ाए ॥
manoo-aa naachai bhagat drirh-aa-ay.
Channel your dancing mind in devotional worship,

ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥

गुर कै सबदि मनै मनु मिलाए ॥

gur kai sabad manai man milaa-ay.

and through the Word of the Guru's Shabad, merge your mind with the Supreme Mind.

ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥

सचा तालु पूरे माइआ मोहु चुकाए सबदे निरति करावणिआ ॥३॥

sachaa taal pooray maa-i-aa moh chukaa-ay sabday nirat karaavani-aa. ||3||

Let your true and perfect tune be the subjugation of your love of Maya, and let yourself dance to the Shabad. ||3||

ਊਚਾ ਕੂਕੇ ਤਨਹਿ ਪਛਾੜੇ ॥

ऊचा कूके तनहि पछाड़े ॥

oochaa kookay taneh pachhaarhay.

People shout out loud and move their bodies,

ਮਾਇਆ ਮੋਹਿ ਜੋਹਿਆ ਜਮਕਾਲੇ ॥

माइआ मोहि जोहिआ जमकाले ॥

maa-i-aa mohi johi-aa jamkaalay.

but if they are emotionally attached to Maya, then the Messenger of Death shall hunt them down.

Page: 0122

ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥

माइआ मोहु इसु मनहि नचाए अंतरि कपटु दुखु पावणिआ ॥४॥

maa-i-aa moh is maneh nachaa-ay antar kapat dukh paavni-aa. ||4||

The love of Maya makes this mind dance, and the deceit within makes people suffer in pain. ||4||

ਗੁਰਮੁਖਿ ਭਗਤਿ ਜਾ ਆਪਿ ਕਰਾਏ ॥

गुरमुखि भगति जा आपि कराए ॥

gurmukh bhagat jaa aap karaa-ay.

When the Lord inspires one to become Gurmukh, and perform devotional worship,

ਤਨੁ ਮਨੁ ਰਾਤਾ ਸਹਜਿ ਸੁਭਾਏ ॥

तनु मनु राता सहजि सुभाए ॥

tan man raataa sahj subhaa-ay.

then his body and mind are attuned to His Love with intuitive ease.

ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ ॥੫॥

बाणी वजै सबदि वजाए गुरमुखि भगति थाइ पावणिआ ॥५॥

banee vajai sabad vajaa-ay gurmukh bhagat thaa-ay paavni-aa. ||5||

The Word of His Bani vibrates, and the Word of His Shabad resounds, for the Gurmukh whose devotional worship is accepted. ||5||

ਬਹੁ ਤਾਲ ਪੂਰੇ ਵਾਜੇ ਵਜਾਏ ॥

बहु ताल पूरे वाजे वजाए ॥

baho taal pooray vaajay vajaa-ay.

One may beat upon and play all sorts of instruments,

ਨਾ ਕੋ ਸੁਣੇ ਨ ਮੰਨਿ ਵਸਾਏ ॥

ना को सुणे न मंनि वसाए ॥

naa ko sunay na man vasaa-ay.

but no one will listen, and no one will enshrine it in the mind.

ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ ॥੬॥

माइआ कारणि पिड़ बंधि नाचै दूजै भाइ दुखु पावणिआ ॥६॥

maa-i-aa kaaran pirh banDh naachai doojai bhaa-ay dukh paavni-aa. ||6||

For the sake of Maya, they set the stage and dance, but they are in love with duality, and they obtain only sorrow. ||6||

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥

जिसु अंतरि प्रीति लगै सो मुकता ॥

jis antar pareet lagai so muktaa.

Those whose inner beings are attached to the Lord's Love are liberated.

ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥

इंद्री वसि सच संजमि जुगता ॥

indree vas sach sanjam jugtaa.
They control their sexual desires, and their lifestyle is the self-discipline of Truth.

ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥
गुर कै सबदि सदा हरि धिआए एहा भगति हरि भावणिआ ॥७॥
gur kai sabad sadaa har Dhi-aa-ay ayhaa bhagat har bhaavni-aa. ||7||
Through the Word of the Guru's Shabad, they meditate forever on the Lord. This devotional worship is pleasing to the Lord. ||7||

ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥
गुरमुखि भगति जुग चारे होई ॥
gurmukh bhagat jug chaaray ho-ee.
To live as Gurmukh is devotional worship, throughout the four ages.

ਹੋਰਤੁ ਭਗਤਿ ਨ ਪਾਏ ਕੋਈ ॥
होरतु भगति न पाए कोई ॥
horat bhagat na paa-ay ko-ee.
This devotional worship is not obtained by any other means.

ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ ॥੮॥੨੦॥੨੧॥
नानक नामु गुर भगती पाईऐ गुर चरणी चितु लावणिआ ॥८॥२०॥२१॥
Nanak naam gur bhagtee paa-ee-ai gur charnee chit laavani-aa. ||8||20||21||
O Nanak, the Naam, the Name of the Lord, is obtained only through devotion to the Guru. So focus your consciousness on the Guru's Feet. ||8||20||21||

ਮਾਝ ਮਹਲਾ ੩ ॥
माझ महला ३ ॥
maajh mahalla 3.
Maajh, Third Mahalla

ਸਚਾ ਸੇਵੀ ਸਚੁ ਸਾਲਾਹੀ ॥
सचा सेवी सचु सालाही ॥
sachaa sayvee sach saalaahee.
Serve the True One, and praise the True One.

ਸਚੈ ਨਾਇ ਦੁਖੁ ਕਬ ਹੀ ਨਾਹੀ ॥

सचै नाइ दुखु कब ही नाही ॥

sachai naa-ay dukh kab hee naahee.

With the True Name, pain shall never afflict you.

ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥੧॥

सुखदाता सेवनि सुखु पाइनि गुरमति मंनि वसावणिआ ॥१॥

sukh-daata sayvan sukh paa-in gurmat man vasaavani-aa. ||1||

Those who serve the Giver of peace find peace. They enshrine the Guru's Teachings within their minds. ||1||

ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ ॥

हउ वारी जीउ वारी सुख सहजि समाधि लगावणिआ ॥

ha-o vaaree jee-o vaaree sukh sahj samaaDh lagaavani-aa.

I am a sacrifice, my soul is a sacrifice, to those who intuitively enter into the peace of Samaadhi.

ਜੋ ਹਰਿ ਸੇਵਹਿ ਸੇ ਸਦਾ ਸੋਹਹਿ ਸੋਭਾ ਸੁਰਤਿ ਸੁਹਾਵਣਿਆ ॥੧॥ ਰਹਾਉ ॥

जो हरि सेवहि से सदा सोहहि सोभा सुरति सुहावणिआ ॥१॥ रहाउ ॥

jo har sayveh say sadaa soheh sobhaa surat suhaavani-aa. ||1|| rahaa-o.

Those who serve the Lord are always beautiful. The glory of their intuitive awareness is beautiful. ||1||Pause||

ਸਭੁ ਕੋ ਤੇਰਾ ਭਗਤੁ ਕਹਾਏ ॥

सभु को तेरा भगतु कहाए ॥

sabh ko tayraa bhagat kahaa-ay.

All call themselves Your devotees,

ਸੇਈ ਭਗਤ ਤੇਰੈ ਮਨਿ ਭਾਏ ॥

सेई भगत तेरै मनि भाए ॥

say-ee bhagat tayrai man bhaa-ay.

but they alone are Your devotees, who are pleasing to Your mind.

ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥

सचु बाणी तुधै सालाहनि रंगि राते भगति करावणिआ ॥२॥

sach banee tuDhai saalaahan rang raatay bhagat karaavani-aa. ||2||

Through the True Word of Your Bani, they praise You; attuned to Your Love, they worship You with devotion. ||2||

ਸਭੁ ਕੋ ਸਚੇ ਹਰਿ ਜੀਉ ਤੇਰਾ ॥
सभु को सचे हरि जीउ तेरा ॥
sabh ko sachay har jee-o tayraa.
All are Yours, O Dear True Lord.

ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥
गुरमुखि मिलै ता चूकै फेरा ॥
gurmukh milai taa chookai fayraa.
Meeting the Gurmukh, this cycle of reincarnation comes to an end.

ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ ॥੩॥
जा तुधु भावै ता नाइ रचावहि तूं आपे नाउ जपावणिआ ॥३॥
jaa tuDh bhaavai taa naa-ay rachaaveh too[N] aapay naa-o japaavani-aa. ||3||
When it pleases Your Will, then we merge in the Name. You Yourself inspire us to chant the Name. ||3||

ਗੁਰਮਤੀ ਹਰਿ ਮੰਨਿ ਵਸਾਇਆ ॥
गुरमती हरि मंनि वसाइआ ॥
gurmatee har man vasaa-i-aa.
Through the Guru's Teachings, I enshrine the Lord within my mind.

ਹਰਖੁ ਸੋਗੁ ਸਭੁ ਮੋਹੁ ਗਵਾਇਆ ॥
हरखु सोगु सभु मोहु गवाइआ ॥
harakh sog sabh moh gavaa-i-aa.
Pleasure and pain, and all emotional attachments are gone.

ਇਕਸੁ ਸਿਉ ਲਿਵ ਲਾਗੀ ਸਦ ਹੀ ਹਰਿ ਨਾਮੁ ਮੰਨਿ ਵਸਾਵਣਿਆ ॥੪॥
इकसु सिउ लिव लागी सद ही हरि नामु मंनि वसावणिआ ॥४॥
ikas si-o liv laagee sad hee har naam man vasaavani-aa. ||4||
I am lovingly centered on the One Lord forever. I enshrine the Lord's Name within my mind. ||4||

ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥

भगत रंगि राते सदा तेरै चाए ॥

bhagat rang raatay sadaa tayrai chaa-ay.

Your devotees are attuned to Your Love; they are always joyful.

ਨਉ ਨਿਧਿ ਨਾਮੁ ਵਸਿਆ ਮਨਿ ਆਏ ॥

नउ निधि नामु वसिआ मनि आए ॥

na-o niDh naam vasi-aa man aa-ay.

The nine treasures of the Naam come to dwell within their minds.

ਪੂਰੈ ਭਾਗਿ ਸਤਿਗੁਰੁ ਪਾਇਆ ਸਬਦੇ ਮੇਲਿ ਮਿਲਾਵਣਿਆ ॥੫॥

पूरै भागि सतिगुरु पाइआ सबदे मेलि मिलावणिआ ॥५॥

poorai bhaag satgur paa-i-aa sabday mayl milaavani-aa. ||5||

By perfect destiny, they find the True Guru, and through the Word of the Shabad, they are united in the Lord's Union. ||5||

ਤੂੰ ਦਇਆਲੁ ਸਦਾ ਸੁਖਦਾਤਾ ॥

तूं दइआलु सदा सुखदाता ॥

too^{N} da-i-aal sadaa sukh-daata.

You are Merciful, and always the Giver of peace.

ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ ॥

तूं आपे मेलिहि गुरमुखि जाता ॥

too^{N} aapay mayleh gurmukh jaataa.

You Yourself unite us; You are known only to the Gurmukhs.

ਤੂੰ ਆਪੇ ਦੇਵਹਿ ਨਾਮੁ ਵਡਾਈ ਨਾਮਿ ਰਤੇ ਸੁਖੁ ਪਾਵਣਿਆ ॥੬॥

तूं आपे देवहि नामु वडाई नामि रते सुखु पावणिआ ॥६॥

too^{N} aapay dayveh naam vadaa-ee naam ratay sukh paavni-aa. ||6||

You Yourself bestow the glorious greatness of the Naam; attuned to the Naam, we find peace. ||6||

ਸਦਾ ਸਦਾ ਸਾਚੇ ਤੁਧੁ ਸਾਲਾਹੀ ॥

सदा सदा साचे तुधु सालाही ॥

sadaa sadaa saachay tuDh saalaahee.

Forever and ever, O True Lord, I praise You.

ਗੁਰਮੁਖਿ ਜਾਤਾ ਦੂਜਾ ਕੋ ਨਾਹੀ ॥

गुरमुखि जाता दूजा को नाही ॥

gurmukh jaataa doojaa ko naahee.

As Gurmukh, I know no other at all.

ਏਕਸੁ ਸਿਉ ਮਨੁ ਰਹਿਆ ਸਮਾਏ ਮਨਿ ਮੰਨਿਐ ਮਨਹਿ ਮਿਲਾਵਣਿਆ ॥੭॥

एकसु सिउ मनु रहिआ समाए मनि मंनिऐ मनहि मिलावणिआ ॥७॥

aykas si-o man rahi-aa samaa-ay man mani-ai maneh milaavani-aa. ||7||

My mind remains immersed in the One Lord; my mind surrenders to Him, and in my mind I meet Him. ||7||

ਗੁਰਮੁਖਿ ਹੋਵੈ ਸੋ ਸਾਲਾਹੇ ॥

गुरमुखि होवै सो सालाहे ॥

gurmukh hovai so saalaahay.

One who becomes Gurmukh, praises the Lord.

ਸਾਚੇ ਠਾਕੁਰ ਵੇਪਰਵਾਹੇ ॥

साचे ठाकुर वेपरवाहे ॥

saachay thaakur vayparvaahay.

Our True Lord and Master is Carefree.

ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ ॥੮॥੨੧॥੨੨॥

नानक नामु वसै मन अंतरि गुर सबदी हरि मेलावणिआ ॥८॥२१॥२२॥

Nanak naam vasai man antar gur sabdee har maylaavani-aa. ||8||21||22||

O Nanak, the Naam, the Name of the Lord, abides deep within the mind; through the Word of the Guru's Shabad, we merge with the Lord. ||8||21||22||

ਮਾਝ ਮਹਲਾ ੩ ॥

माझ महला ३ ॥

maajh mahalla 3.

Maajh, Third Mahalla

ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥

तेरे भगत सोहहि साचै दरबारे ॥

tayray bhagat soheh saachai darbaaray.

Your devotees look beautiful in the True Court.

ਗੁਰ ਕੈ ਸਬਦਿ ਨਾਮਿ ਸਵਾਰੇ ॥
गुर कै सबदि नामि सवारे ॥
gur kai sabad naam savaaray.
Through the Word of the Guru's Shabad, they are adorned with the Naam.

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥
सदा अनंदि रहहि दिनु राती गुण कहि गुणी समावणिआ ॥१॥
sadaa anand raheh din raatee gun kahi gunee samaavani-aa. ||1||
They are forever in bliss, day and night; chanting the Glorious Praises of the Lord, they merge with the Lord of Glory. ||1||

ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ ਵਸਾਵਣਿਆ ॥
हउ वारी जीउ वारी नामु सुणि मंनि वसावणिआ ॥
ha-o vaaree jee-o vaaree naam sun man vasaavani-aa.
I am a sacrifice, my soul is a sacrifice, to those who hear and enshrine the Naam within their minds.

ਹਰਿ ਜੀਉ ਸਚਾ ਊਚੋ ਊਚਾ ਹਉਮੈ ਮਾਰਿ ਮਿਲਾਵਣਿਆ ॥੧॥ ਰਹਾਉ ॥
हरि जीउ सचा ऊचो ऊचा हउमै मारि मिलावणिआ ॥१॥ रहाउ ॥
har jee-o sachaa oocho oochaa ha-umai maar milaavani-aa. ||1|| rahaa-o.
The Dear Lord, the True One, the Highest of the High, subdues their ego and blends them with Himself. ||1||Pause||

ਹਰਿ ਜੀਉ ਸਾਚਾ ਸਾਚੀ ਨਾਈ ॥
हरि जीउ साचा साची नाई ॥
har jee-o saachaa saachee naa-ee.
True is the Dear Lord, and True is His Name.

ਗੁਰ ਪਰਸਾਦੀ ਕਿਸੈ ਮਿਲਾਈ ॥
गुर परसादी किसै मिलाई ॥
gur parsaadee kisai milaa-ee.
By Guru's Grace, some merge with Him.

ਗੁਰ ਸਬਦਿ ਮਿਲਹਿ ਸੇ ਵਿਛੁੜਹਿ ਨਾਹੀ ਸਹਜੇ ਸਚਿ ਸਮਾਵਣਿਆ ॥੨॥

गुर सबदि मिलहि से विछुड़हि नाही सहजे सचि समावणिआ ॥२॥
gur sabad mileh say vichhurheh naahee sehjay sach samaavani-aa. ||2||
Through the Word of the Guru's Shabad, those who merge with the Lord shall not be separated from Him again. They merge with intuitive ease into the True Lord. ||2||

ਤੁਝ ਤੇ ਬਾਹਰਿ ਕਛੂ ਨ ਹੋਇ ॥
तुझ ते बाहरि कछू न होइ ॥
tujh tay baahar kachhoo na ho-ay.
There is nothing beyond You;

ਤੂੰ ਕਰਿ ਕਰਿ ਵੇਖਹਿ ਜਾਣਹਿ ਸੋਇ ॥
तूं करि करि वेखहि जाणहि सोइ ॥
too^{N} kar kar vaykheh jaaneh so-ay.
You are the One who does, sees, and knows.

ਆਪੇ ਕਰੇ ਕਰਾਏ ਕਰਤਾ ਗੁਰਮਤਿ ਆਪਿ ਮਿਲਾਵਣਿਆ ॥੩॥
आपे करे कराए करता गुरमति आपि मिलावणिआ ॥३॥
aapay karay karaa-ay kartaa gurmat aap milaavani-aa. ||3||
The Creator Himself acts, and inspires others to act. Through the Guru's Teachings, He blends us into Himself. ||3||

ਕਾਮਣਿ ਗੁਣਵੰਤੀ ਹਰਿ ਪਾਏ ॥
कामणि गुणवंती हरि पाए ॥
kaaman gunvantee har paa-ay.
The virtuous soul-bride finds the Lord;

ਭੈ ਭਾਇ ਸੀਗਾਰੁ ਬਣਾਏ ॥
भै भाइ सीगारु बणाए ॥
bhai bhaa-ay seegaar banaa-ay.
she decorates herself with the Love and the Fear of God.

ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥੪॥
सतिगुरु सेवि सदा सोहागणि सच उपदेसि समावणिआ ॥४॥
satgur sayv sadaa sohagan sach updays samaavani-aa. ||4||
She who serves the True Guru is forever a happy soul-bride. She is absorbed in the true teachings. ||4||

ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥

सबदु विसारनि तिना ठउरु न ठाउ ॥

sabad visaaran tinaa tha-ur na thaa-o.

Those who forget the Word of the Shabad have no home and no place of rest.

ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥

भ्रमि भूले जिउ सुंञै घरि काउ ॥

bharam bhoolay ji-o sunjai ghar kaa-o.

They are deluded by doubt, like a crow in a deserted house.

ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥੫॥

हलतु पलतु तिनी दोवै गवाए दुखे दुखि विहावणिआ ॥५॥

halat palat tinee dovai gavaa-ay dukhay dukh vihaavani-aa. ||5||

They forfeit both this world and the next, and they pass their lives suffering in pain and misery. ||5||

ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥

लिखदिआ लिखदिआ कागद मसु खोई ॥

likh-di-aa likh-di-aa kaagad mas kho-ee.

Writing on and on endlessly, they run out of paper and ink.

ਦੂਜੈ ਭਾਇ ਸੁਖੁ ਪਾਏ ਨ ਕੋਈ ॥

दूजै भाइ सुखु पाए न कोई ॥

doojai bhaa-ay sukh paa-ay na ko-ee.

Through the love with duality, no one has found peace.

ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥

कूड़ु लिखहि तै कूड़ु कमावहि जलि जावहि कूड़ि चितु लावणिआ ॥६॥

koorh likheh tai koorh kamaaveh jal jaaveh koorh chit laavani-aa. ||6||

They write falsehood, and they practice falsehood; they are burnt to ashes by focusing their consciousness on falsehood. ||6||

ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥

गुरमुखि सचो सचु लिखहि वीचारु ॥

gurmukh sacho sach likheh veechaar.

The Gurmukhs write and reflect on Truth, and only Truth.

ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥
से जन सचे पावहि मोख दुआरु ॥
say jan sachay paavahi mo<u>kh</u> <u>d</u>u-aar.
The true ones find the gate of salvation.

ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥੭॥
सचु कागदु कलम मसवाणी सचु लिखि सचि समावणिआ ॥७॥
sach kaaga<u>d</u> kalam masvaa<u>n</u>ee sach li<u>kh</u> sach samaava<u>n</u>i-aa. ||7||
True is their paper, pen and ink; writing Truth, they are absorbed in the True One. ||7||

ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥
मेरा प्रभु अंतरि बैठा वेखै ॥
mayraa para<u>bh</u> an<u>t</u>ar bai<u>th</u>aa vay<u>kh</u>ai.
My God sits deep within the self; He watches over us.

ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥
गुर परसादी मिलै सोई जनु लेखै ॥
gur parsaadee milai so-ee jan lay<u>kh</u>ai.
Those who meet the Lord, by Guru's Grace, are acceptable.

ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੨॥੨੩॥
नानक नामु मिलै वडिआई पूरे गुर ते पावणिआ ॥८॥२२॥२३॥
Nanak naam milai vadi-aa-ee pooray gur <u>t</u>ay paav<u>n</u>i-aa. ||8||22||23||
O Nanak, glorious greatness is received through the Naam, which is obtained through the Perfect Guru. ||8||22||23||

ਮਾਝ ਮਹਲਾ ੩ ॥
माझ महला ३ ॥
maa<u>jh</u> mahalla 3.
Maajh, Third Mahalla

ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥
आतम राम परगासु गुर ते होवै ॥
aa<u>t</u>am raam pargaas gur <u>t</u>ay hovai.

The Divine Light of the Supreme Soul shines forth from the Guru.

ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥
हउमै मैलु लागी गुर सबदी खोवै ॥
ha-umai mail laagee gur sabdee khovai.
The filth stuck to the ego is removed through the Word of the Guru's Shabad.

ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥੧॥
मनु निरमलु अनदिनु भगती राता भगति करे हरि पावणिआ ॥१॥
man nirmal an-din bhagtee raataa bhagat karay har paavni-aa. ||1||
One who is imbued with devotional worship to the Lord night and day becomes pure. Worshipping the Lord, He is obtained. ||1||

ਹਉ ਵਾਰੀ ਜੀਉ ਵਾਰੀ ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥
हउ वारी जीउ वारी आपि भगति करनि अवरा भगति करावणिआ ॥
ha-o vaaree jee-o vaaree aap bhagat karan avraa bhagat karaavani-aa.
I am a sacrifice, my soul is a sacrifice, to those who themselves worship the Lord, and inspire others to worship Him as well.

ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ ਜੋ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥
तिना भगत जना कउ सद नमसकारु कीजै जो अनदिनु हरि गुण गावणिआ ॥१॥ रहाउ ॥
tinaa bhagat janaa ka-o sad namaskaar keejai jo an-din har gun gaavani-aa. ||1|| rahaa-o.
I humbly bow to those devotees who chant the Glorious Praises of the Lord, night and day. ||1||Pause||

ਆਪੇ ਕਰਤਾ ਕਾਰਣੁ ਕਰਾਏ ॥
आपे करता कारणु कराए ॥
aapay kartaa kaaran karaa-ay.
The Creator Lord Himself is the Doer of deeds.

ਜਿਤੁ ਭਾਵੈ ਤਿਤੁ ਕਾਰੈ ਲਾਏ ॥
जितु भावै तितु कारै लाए ॥
jit bhaavai tit kaarai laa-ay.
As He pleases, He applies us to our tasks.

ਪੂਰੈ ਭਾਗਿ ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ ॥੨॥
पूरै भागि गुर सेवा होवै गुर सेवा ते सुखु पावणिआ ॥२॥
poorai bhaag gur sayvaa hovai gur sayvaa tay sukh paavni-aa. ||2||
Through perfect destiny, we serve the Guru; serving the Guru, peace is found. ||2||

ਮਰਿ ਮਰਿ ਜੀਵੈ ਤਾ ਕਿਛੁ ਪਾਏ ॥
मरि मरि जीवै ता किछु पाए ॥
mar mar jeevai taa kichh paa-ay.
Those who die, and remain dead while yet alive, obtain it.

ਗੁਰ ਪਰਸਾਦੀ ਹਰਿ ਮੰਨਿ ਵਸਾਏ ॥
गुर परसादी हरि मंनि वसाए ॥
gur parsaadee har man vasaa-ay.
By Guru's Grace, they enshrine the Lord within their minds.

ਸਦਾ ਮੁਕਤੁ ਹਰਿ ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ ॥੩॥
सदा मुकतु हरि मंनि वसाए सहजे सहजि समावणिआ ॥३॥
sadaa mukat har man vasaa-ay sehjay sahj samaavani-aa. ||3||
Enshrining the Lord within their minds, they are liberated forever. With intuitive ease, they merge into the Lord. ||3||

ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥
बहु कर्म कमावै मुकति न पाए ॥
baho karam kamaavai mukat na paa-ay.
They perform all sorts of rituals, but they do not obtain liberation through them.

ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥
देसंतरु भवै दूजै भाइ खुआए ॥
daysantar bhavai doojai bhaa-ay khu-aa-ay.
They wander around the countryside, and in love with duality, they are ruined.

ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ ॥੪॥
बिरथा जनमु गवाइआ कपटी बिनु सबदै दुखु पावणिआ ॥४॥
birthaa janam gavaa-i-aa kaptee bin sabdai dukh paavni-aa. ||4||

The deceitful lose their lives in vain; without the Word of the Shabad, they obtain only misery. ||4||

ਧਾਵਤੁ ਰਾਖੈ ਠਾਕਿ ਰਹਾਏ ॥
धावतु राखै ठाकि रहाए ॥
Dhaavat raakhai thaak rahaa-ay.
Those who restrain their wandering mind, keeping it steady and stable,

ਗੁਰ ਪਰਸਾਦੀ ਪਰਮ ਪਦੁ ਪਾਏ ॥
गुर परसादी पर्म पदु पाए ॥
gur parsaadee param pad paa-ay.
obtain the supreme status, by Guru's Grace.

ਸਤਿਗੁਰੁ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥
सतिगुरु आपे मेलि मिलाए मिलि प्रीतम सुखु पावणिआ ॥५॥
satgur aapay mayl milaa-ay mil pareetam sukh paavni-aa. ||5||
The True Guru Himself unites us in Union with the Lord. Meeting the Beloved, peace is obtained. ||5||

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥
इकि कूड़ि लागे कूड़े फल पाए ॥
ik koorh laagay koorhay fal paa-ay.
Some are stuck in falsehood, and false are the rewards they receive.

ਦੂਜੈ ਭਾਇ ਬਿਰਥਾ ਜਨਮੁ ਗਵਾਏ ॥
दूजै भाइ बिरथा जनमु गवाए ॥
doojai bhaa-ay birthaa janam gavaa-ay.
In love with duality, they waste away their lives in vain.

ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥
आपि डुबे सगले कुल डोबे कूड़ु बोलि बिखु खावणिआ ॥६॥
aap dubay saglay kul dobay koorh bol bikh khaavani-aa. ||6||
They drown themselves, and drown their entire family; speaking lies, they eat poison. ||6||

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥

इसु तन महि मनु को गुरमुखि देखै ॥

is tan meh man ko gurmukh daykhai.

How rare are those who, as Gurmukh, look within their bodies, into their minds.

ਭਾਇ ਭਗਤਿ ਜਾ ਹਉਮੈ ਸੋਖੈ ॥

भाइ भगति जा हउमै सोखै ॥

bhaa-ay bhagat jaa ha-umai sokhai.

Through loving devotion, their ego evaporates.

ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥

सिध साधिक मोनिधारी रहे लिव लाइ तिन भी तन महि मनु न दिखावणिआ ॥७॥

siDh saaDhik moniDhaaree rahay liv laa-ay tin bhee tan meh man na dikhaavani-aa. ||7||

The Siddhas, the seekers and the silent sages continually, lovingly focus their consciousness, but they have not seen the mind within the body. ||7||

ਆਪਿ ਕਰਾਏ ਕਰਤਾ ਸੋਈ ॥

आपि कराए करता सोई ॥

aap karaa-ay kartaa so-ee.

The Creator Himself inspires us to work;

ਹੋਰੁ ਕਿ ਕਰੇ ਕੀਤੈ ਕਿਆ ਹੋਈ ॥

होरु कि करे कीतै किआ होई ॥

hor ke karay keetai ki-aa ho-ee.

what can anyone else do? What can be done by our doing?

ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥

नानक जिसु नामु देवै सो लेवै नामो मंनि वसावणिआ ॥८॥२३॥२४॥

Nanak jis naam dayvai so layvai naamo man vasaavani-aa. ||8||23||24||

O Nanak, the Lord bestows His Name; we receive it, and enshrine it within the mind. ||8||23||24||

ਮਾਝ ਮਹਲਾ ੩ ॥

माझ महला ३ ॥

maajh mahalla 3.
Maajh, Third Mahalla

ਇਸੁ ਗੁਫਾ ਮਹਿ ਅਖੁਟ ਭੰਡਾਰਾ ॥
इसु गुफा महि अखुट भंडारा ॥
is gufaa meh akhut bhandaaraa.
Within this cave, there is an inexhaustible treasure.

ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥
तिसु विचि वसै हरि अलख अपारा ॥
tis vich vasai har alakh apaaraa.
Within this cave, the Invisible and Infinite Lord abides.

ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥
आपे गुपतु परगटु है आपे गुर सबदी आपु वंञावणिआ ॥१॥
aapay gupat pargat hai aapay gur sabdee aap vanjaavan-i-aa. ||1||
He Himself is hidden, and He Himself is revealed; through the Word of the Guru's Shabad, selfishness and conceit are eliminated. ||1||

ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥
हउ वारी जीउ वारी अम्रित नामु मंनि वसावणिआ ॥
ha-o vaaree jee-o vaaree amrit naam man vasaavani-aa.
I am a sacrifice, my soul is a sacrifice, to those who enshrine the Ambrosial Naam, the Name of the Lord, within their minds.

ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥
अम्रित नामु महा रसु मीठा गुरमती अम्रितु पीआवणिआ ॥१॥ रहाउ ॥
amrit naam mahaa ras meethaa gurmatee amrit pee-aavni-aa. ||1|| rahaa-o.
The taste of the Ambrosial Naam is very sweet! Through the Guru's Teachings, drink in this Ambrosial Nectar. ||1||Pause||

ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥
हउमै मारि बजर कपाट खुलाइआ ॥
ha-umai maar bajar kapaat khulaa-i-aa.
Subduing egotism, the rigid doors are opened.

ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥
नामु अमोलकु गुर परसादी पाइआ ॥
naam amolak gur parsaadee paa-i-aa.
The Priceless Naam is obtained by Guru's Grace.

ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
बिनु सबदै नामु न पाए कोई गुर किरपा मंनि वसावणिआ ॥२॥
bin sabdai naam na paa-ay ko-ee gur kirpaa man vasaavani-aa. ||2||
Without the Shabad, the Naam is not obtained. By Guru's Grace, it is implanted within the mind. ||2||

ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥
गुर गिआन अंजनु सचु नेत्री पाइआ ॥
gur gi-aan anjan sach naytree paa-i-aa.
The Guru has applied the true ointment of spiritual wisdom to my eyes.

ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
अंतरि चानणु अगिआनु अंधेरु गवाइआ ॥
antar chaanan agi-aan anDhayr gavaa-i-aa.
Deep within, the Divine Light has dawned, and the darkness of ignorance has been dispelled.

ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
जोती जोति मिली मनु मानिआ हरि दरि सोभा पावणिआ ॥३॥
jotee jot milee man maani-aa har dar sobhaa paavni-aa. ||3||
My light has merged into the Light; my mind has surrendered, and I am blessed with Glory in the Court of the Lord. ||3||

ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
सरीरहु भालणि को बाहरि जाए ॥ नामु न लहै बहुतु वेगारि दुखु पाए ॥
sareerahu bhaalan ko baahar jaa-ay. naam na lahai bahut vaygaar dukh paa-ay.
Those who look outside the body, searching for the Lord, shall not receive the Naam; they shall instead be forced to suffer the terrible pains of slavery.

ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥

मनमुख अंधे सूझै नाही फिरि घिरि आइ गुरमुखि वथु पावणिआ ॥४॥

manmukh anDhay soojhai naahee fir ghir aa-ay gurmukh vath paavni-aa. ||4||

The blind, self-willed manmukhs do not understand; but when they return once again to their own home, then, as Gurmukh, they find the genuine article. ||4||

ਗੁਰ ਪਰਸਾਦੀ ਸਚਾ ਹਰਿ ਪਾਏ ॥

गुर परसादी सचा हरि पाए ॥

gur parsaadee sachaa har paa-ay.

By Guru's Grace, the True Lord is found.

ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥

मनि तनि वेखै हउमै मैलु जाए ॥

man tan vaykhai ha-umai mail jaa-ay.

Within your mind and body, see the Lord, and the filth of egotism shall depart.

ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥

बैसि सुथानि सद हरि गुण गावै सचै सबदि समावणिआ ॥५॥

bais suthaan sad har gun gaavai sachai sabad samaavani-aa. ||5||

Sitting in that place, sing the Glorious Praises of the Lord forever, and be absorbed in the True Word of the Shabad. ||5||

ਨਉ ਦਰ ਠਾਕੇ ਧਾਵਤੁ ਰਹਾਏ ॥

नउ दर ठाके धावतु रहाए ॥

na-o dar thaakay Dhaavat rahaa-ay.

Those who close off the nine gates, and restrain the wandering mind,

ਦਸਵੈ ਨਿਜ ਘਰਿ ਵਾਸਾ ਪਾਏ ॥

दसवै निज घरि वासा पाए ॥

dasvai nij ghar vaasaa paa-ay.

come to dwell in the Home of the Tenth Gate.

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥

ओथै अनहद सबद वजहि दिनु राती गुरमती सबदु सुणावणिआ ॥६॥

othai anhad sabad vajeh din raatee gurmatee sabad sunaavni-aa. ||6||

There, the Unstruck Melody of the Shabad vibrates day and night. Through the Guru's Teachings, the Shabad is heard. ||6||

ਬਿਨੁ ਸਬਦੈ ਅੰਤਰਿ ਆਨੇਰਾ ॥
बिनु सबदै अंतरि आनेरा ॥
bin sabdai antar aanayraa.
Without the Shabad, there is only darkness within.

ਨ ਵਸਤੁ ਲਹੈ ਨ ਚੂਕੈ ਫੇਰਾ ॥
न वसतु लहै न चूकै फेरा ॥
na vasat lahai na chookai fayraa.
The genuine article is not found, and the cycle of reincarnation does not end.

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥
सतिगुर हथि कुंजी होरतु दरु खुलै नाही गुरु पूरै भागि मिलावणिआ ॥७॥
satgur hath kunjee horat dar khulai naahee gur poorai bhaag milaavani-aa. ||7||
The key is in the hands of the True Guru; no one else can open this door. By perfect destiny, He is met. ||7||

ਗੁਪਤੁ ਪਰਗਟੁ ਤੂੰ ਸਭਨੀ ਥਾਈ ॥
गुपतु परगटु तूं सभनी थाई ॥
gupat pargat too^{N} sabhnee thaa-ee.
You are the hidden and the revealed in all places.

ਗੁਰ ਪਰਸਾਦੀ ਮਿਲਿ ਸੋਝੀ ਪਾਈ ॥
गुर परसादी मिलि सोझी पाई ॥
gur parsaadee mil sojhee paa-ee.
Receiving Guru's Grace, this understanding is obtained.

ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥
नानक नामु सलाहि सदा तूं गुरमुखि मंनि वसावणिआ ॥८॥२४॥२५॥
Nanak naam salaahi sadaa too^{N} gurmukh man vasaavani-aa. ||8||24||25||
O Nanak, praise the Naam forever; as Gurmukh, enshrine it within the mind. ||8||24||25||

ਮਾਝ ਮਹਲਾ ੩ ॥
माझ महला ३ ॥
maajh mahalla 3.
Maajh, Third Mahalla

ਗੁਰਮੁਖਿ ਮਿਲੈ ਮਿਲਾਏ ਆਪੇ ॥
गुरमुखि मिलै मिलाए आपे ॥
gurmukh milai milaa-ay aapay.
The Gurmukhs meet the Lord, and inspire others to meet Him as well.

ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥
कालु न जोहै दुखु न संतापे ॥
kaal na johai dukh na santaapay.
Death does not see them, and pain does not afflict them.

ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥
हउमै मारि बंधन सभ तोड़ै गुरमुखि सबदि सुहावणिआ ॥१॥
ha-umai maar banDhan sabh torhai gurmukh sabad suhaavani-aa. ||1||
Subduing egotism, they break all their bonds; as Gurmukh, they are adorned with the Word of the Shabad. ||1||

ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥
हउ वारी जीउ वारी हरि हरि नामि सुहावणिआ ॥
ha-o vaaree jee-o vaaree har har naam suhaavani-aa.
I am a sacrifice, my soul is a sacrifice, to those who look beautiful in the Name of the Lord, Har, Har.

ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥
गुरमुखि गावै गुरमुखि नाचै हरि सेती चितु लावणिआ ॥१॥ रहाउ ॥
gurmukh gaavai gurmukh naachai har saytee chit laavani-aa. ||1|| rahaa-o.
The Gurmukhs sing, the Gurmukhs dance, and focus their consciousness on the Lord. ||1||Pause||

ਗੁਰਮੁਖਿ ਜੀਵੈ ਮਰੈ ਪਰਵਾਣੁ ॥
गुरमुखि जीवै मरै परवाणु ॥
gurmukh jeevai marai parvaan.
The Gurmukhs are celebrated in life and death.

ਆਰਜਾ ਨ ਛੀਜੈ ਸਬਦੁ ਪਛਾਣੁ ॥
आरजा न छीजै सबदु पछाणु ॥
aarjaa na chheejai sabad pachhaan.
Their lives are not wasted; they realize the Word of the Shabad.

ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥
गुरमुखि मरै न कालु न खाए गुरमुखि सचि समावणिआ ॥२॥
gurmukh marai na kaal na khaa-ay gurmukh sach samaavani-aa. ||2||
The Gurmukhs do not die; they are not consumed by death. The Gurmukhs are absorbed in the True Lord. ||2||

ਗੁਰਮੁਖਿ ਹਰਿ ਦਰਿ ਸੋਭਾ ਪਾਏ ॥
गुरमुखि हरि दरि सोभा पाए ॥
gurmukh har dar sobhaa paa-ay.
The Gurmukhs are honored in the Court of the Lord.

ਗੁਰਮੁਖਿ ਵਿਚਹੁ ਆਪੁ ਗਵਾਏ ॥
गुरमुखि विचहु आपु गवाए ॥
gurmukh vichahu aap gavaa-ay.
The Gurmukhs eradicate selfishness and conceit from within.

ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥
आपि तरै कुल सगले तारे गुरमुखि जनमु सवारणिआ ॥३॥
aap tarai kul saglay taaray gurmukh janam savaarni-aa. ||3||
They save themselves, and save all their families and ancestors as well. The Gurmukhs redeem their lives. ||3||

ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥
गुरमुखि दुखु कदे न लगै सरीरि ॥
gurmukh dukh kaday na lagai sareer.
The Gurmukhs never suffer bodily pain.

ਗੁਰਮੁਖਿ ਹਉਮੈ ਚੂਕੈ ਪੀਰ ॥
गुरमुखि हउमै चूकै पीर ॥
gurmukh ha-umai chookai peer.
The Gurmukhs have the pain of egotism taken away.

ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥
गुरमुखि मनु निरमलु फिरि मैलु न लागै गुरमुखि सहजि समावणिआ ॥४॥
gurmukh man nirmal fir mail na laagai gurmukh sahj samaavani-aa. ||4||
The minds of the Gurmukhs are immaculate and pure; no filth ever sticks to them again. The Gurmukhs merge in celestial peace. ||4||

ਗੁਰਮੁਖਿ ਨਾਮੁ ਮਿਲੈ ਵਡਿਆਈ ॥
गुरमुखि नामु मिलै वडिआई ॥
gurmukh naam milai vadi-aa-ee.
The Gurmukhs obtain the Greatness of the Naam.

ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥
गुरमुखि गुण गावै सोभा पाई ॥
gurmukh gun gaavai sobhaa paa-ee.
The Gurmukhs sing the Glorious Praises of the Lord, and obtain honor.

ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥੫॥
सदा अनंदि रहै दिनु राती गुरमुखि सबदु करावणिआ ॥५॥
sadaa anand rahai din raatee gurmukh sabad karaavani-aa. ||5||
They remain in bliss forever, day and night. The Gurmukhs practice the Word of the Shabad. ||5||

ਗੁਰਮੁਖਿ ਅਨਦਿਨੁ ਸਬਦੇ ਰਾਤਾ ॥
गुरमुखि अनदिनु सबदे राता ॥
gurmukh an-din sabday raataa.
The Gurmukhs are attuned to the Shabad, night and day.

ਗੁਰਮੁਖਿ ਜੁਗ ਚਾਰੇ ਹੈ ਜਾਤਾ ॥
गुरमुखि जुग चारे है जाता ॥
gurmukh jug chaaray hai jaataa.
The Gurmukhs are known throughout the four ages.

ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥

गुरमुखि गुण गावै सदा निरमलु सबदे भगति करावणिआ ॥६॥

gurmukh gun gaavai sadaa nirmal sabday bhagat karaavani-aa. ||6||

The Gurmukhs always sing the Glorious Praises of the Immaculate Lord. Through the Shabad, they practice devotional worship. ||6||

ਬਾਝੁ ਗੁਰੂ ਹੈ ਅੰਧ ਅੰਧਾਰਾ ॥

बाझु गुरू है अंध अंधारा ॥

baajh guroo hai anDh anDhaaraa.

Without the Guru, there is only pitch-black darkness.

ਜਮਕਾਲਿ ਗਰਠੇ ਕਰਹਿ ਪੁਕਾਰਾ ॥

जमकालि गरठे करहि पुकारा ॥

jamkaal garthay karahi pukaaraa.

Seized by the Messenger of Death, people cry out and scream.

ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥

अनदिनु रोगी बिसटा के कीड़े बिसटा महि दुखु पावणिआ ॥७॥

an-din rogee bistaa kay keerhay bistaa meh dukh paavni-aa. ||7||

Night and day, they are diseased, like maggots in manure, and in manure they endure agony. ||7||

ਗੁਰਮੁਖਿ ਆਪੇ ਕਰੇ ਕਰਾਏ ॥

गुरमुखि आपे करे कराए ॥

gurmukh aapay karay karaa-ay.

The Gurmukhs know that the Lord alone acts, and causes others to act.

ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥

गुरमुखि हिरदै वुठा आपि आए ॥

gurmukh hirdai vuthaa aap aa-ay.

In the hearts of the Gurmukhs, the Lord Himself comes to dwell.

ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥

नानक नामि मिलै वडिआई पूरे गुर ते पावणिआ ॥८॥२५॥२६॥

Nanak naam milai vadi-aa-ee pooray gur tay paavni-aa. ||8||25||26||

O Nanak, through the Naam, greatness is obtained. It is received from the Perfect Guru. ||8||25||26||

ਮਾਝ ਮਹਲਾ ੩ ॥
माझ महला ३ ॥
maajh mahalla 3.
Maajh, Third Mahalla

ਏਕਾ ਜੋਤਿ ਜੋਤਿ ਹੈ ਸਰੀਰਾ ॥
एका जोति जोति है सरीरा ॥
aykaa jot jot hai sareeraa.
The One Light is the light of all bodies.

ਸਬਦਿ ਦਿਖਾਏ ਸਤਿਗੁਰੁ ਪੂਰਾ ॥
सबदि दिखाए सतिगुरु पूरा ॥
sabad dikhaa-ay satgur pooraa.
The Perfect True Guru reveals it through the Word of the Shabad.

ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥੧॥
आपे फरकु कीतोनु घट अंतरि आपे बणत बणावणिआ ॥१॥
aapay farak keeton ghat antar aapay banat banaavani-aa. ||1||
He Himself instills the sense of separation within our hearts; He Himself created the Creation. ||1||

ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥
हउ वारी जीउ वारी हरि सचे के गुण गावणिआ ॥
ha-o vaaree jee-o vaaree har sachay kay gun gaavani-aa.
I am a sacrifice, my soul is a sacrifice, to those who sing the Glorious Praises of the True Lord.

ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ ॥੧॥ ਰਹਾਉ ॥
बाझु गुरू को सहजु न पाए गुरमुखि सहजि समावणिआ ॥१॥ रहाउ ॥
baajh guroo ko sahj na paa-ay gurmukh sahj samaavani-aa. ||1|| rahaa-o.
Without the Guru, no one obtains intuitive wisdom; the Gurmukh is absorbed in intuitive peace. ||1||Pause||

ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ ॥
तूं आपे सोहहि आपे जगु मोहहि ॥
too^N aapay soheh aapay jag moheh.

You Yourself are Beautiful, and You Yourself entice the world.

ਤੂੰ ਆਪੇ ਨਦਰੀ ਜਗਤੁ ਪਰੋਵਹਿ ॥

तूं आपे नदरी जगतु परोवहि ॥

tooN aapay nadree jagat paroveh.

You Yourself, by Your Kind Mercy, weave the thread of the world.

ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ ॥੨॥

तूं आपे दुखु सुखु देवहि करते गुरमुखि हरि देखावणिआ ॥२॥

tooN aapay dukh sukh dayveh kartay gurmukh har daykhaavani-aa. ||2||

You Yourself bestow pain and pleasure, O Creator. The Lord reveals Himself to the Gurmukh. ||2||

ਆਪੇ ਕਰਤਾ ਕਰੇ ਕਰਾਏ ॥

आपे करता करे कराए ॥

aapay kartaa karay karaa-ay.

The Creator Himself acts, and causes others to act.

ਆਪੇ ਸਬਦੁ ਗੁਰ ਮੰਨਿ ਵਸਾਏ ॥

आपे सबदु गुर मंनि वसाए ॥

aapay sabad gur man vasaa-ay.

Through Him, the Word of the Guru's Shabad is enshrined within the mind.

ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥੩॥

सबदे उपजै अम्रित बाणी गुरमुखि आखि सुणावणिआ ॥३॥

sabday upjai amrit banee gurmukh aakh sunaavni-aa. ||3||

The Ambrosial Word of the Guru's Bani emanates from the Word of the Shabad. The Gurmukh speaks it and hears it. ||3||

ਆਪੇ ਕਰਤਾ ਆਪੇ ਭੁਗਤਾ ॥

आपे करता आपे भुगता ॥

aapay kartaa aapay bhugtaa.

He Himself is the Creator, and He Himself is the Enjoyer.

ਬੰਧਨ ਤੋੜੇ ਸਦਾ ਹੈ ਮੁਕਤਾ ॥

बंधन तोड़े सदा है मुकता ॥

banDhan torhay sadaa hai muktaa.

One who breaks out of bondage is liberated forever.

ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥
सदा मुकतु आपे है सचा आपे अलखु लखावणिआ ॥४॥
sadaa mukat aapay hai sachaa aapay alakh lakhaavani-aa. ||4||
The True Lord is liberated forever. The Unseen Lord causes Himself to be seen. ||4||

ਆਪੇ ਮਾਇਆ ਆਪੇ ਛਾਇਆ ॥
आपे माइआ आपे छाइआ ॥
aapay maa-i-aa aapay chhaa-i-aa.
He Himself is Maya, and He Himself is the Illusion.

ਆਪੇ ਮੋਹੁ ਸਭੁ ਜਗਤੁ ਉਪਾਇਆ ॥
आपे मोहु सभु जगतु उपाइआ ॥
aapay moh sabh jagat upaa-i-aa.
He Himself has generated emotional attachment throughout the entire universe.

ਆਪੇ ਗੁਣਦਾਤਾ ਗੁਣ ਗਾਵੈ ਆਪੇ ਆਖਿ ਸੁਣਾਵਣਿਆ ॥੫॥
आपे गुणदाता गुण गावै आपे आखि सुणावणिआ ॥५॥
aapay gundaataa gun gaavai aapay aakh sunaavni-aa. ||5||
He Himself is the Giver of Virtue; He Himself sings the Lord's Glorious Praises. He chants them and causes them to be heard. ||5||

ਆਪੇ ਕਰੇ ਕਰਾਏ ਆਪੇ ॥
आपे करे कराए आपे ॥
aapay karay karaa-ay aapay.
He Himself acts, and causes others to act.

ਆਪੇ ਥਾਪਿ ਉਥਾਪੇ ਆਪੇ ॥
आपे थापि उथापे आपे ॥
aapay thaap uthaapay aapay.
He Himself establishes and disestablishes.

ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥੬॥
तुझ ते बाहरि कछू न होवै तूं आपे कारै लावणिआ ॥६॥

tujh tay baahar kachhoo na hovai too^{N} aapay kaarai laavani-aa. ||6||
Without You, nothing can be done. You Yourself have engaged all in their tasks. ||6||

ਆਪੇ ਮਾਰੇ ਆਪਿ ਜੀਵਾਏ ॥
आपे मारे आपि जीवाए ॥
aapay maaray aap jeevaa-ay.
He Himself kills, and He Himself revives.

ਆਪੇ ਮੇਲੇ ਮੇਲਿ ਮਿਲਾਏ ॥
आपे मेले मेलि मिलाए ॥
aapay maylay mayl milaa-ay.
He Himself unites us, and unites us in Union with Himself.

ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥੭॥
सेवा ते सदा सुखु पाइआ गुरमुखि सहजि समावणिआ ॥७॥
sayvaa tay sadaa sukh paa-i-aa gurmukh sahj samaavani-aa. ||7||
Through selfless service, eternal peace is obtained. The Gurmukh is absorbed in intuitive peace. ||7||

Page: 0126

ਆਪੇ ਊਚਾ ਊਚੋ ਹੋਈ ॥
आपे ऊचा ऊचो होई ॥
aapay oochaa oocho ho-ee.
He Himself is the Highest of the High.

ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥
जिसु आपि विखाले सु वेखै कोई ॥
jis aap vikhaalay so vaykhai ko-ee.
How rare are those who behold Him. He causes Himself to be seen.

ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ ॥੮॥੨੬॥੨੭॥
नानक नामु वसै घट अंतरि आपे वेखि विखालणिआ ॥८॥२६॥२७॥
Nanak naam vasai ghat antar aapay vaykh vikhaalani-aa. ||8||26||27||

O Nanak, the Naam, the Name of the Lord, abides deep within the hearts of those who see the Lord themselves, and inspire others to see Him as well. ||8||26||27||

ਮਾਝ ਮਹਲਾ ੩ ॥

माझ महला ३ ॥

maajh mahalla 3.
Maajh, Third Mahalla

ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥

मेरा प्रभु भरपूरि रहिआ सभ थाई ॥

mayraa parabh bharpoor rahi-aa sabh thaa-ee.
My God is pervading and permeating all places.

ਗੁਰ ਪਰਸਾਦੀ ਘਰ ਹੀ ਮਹਿ ਪਾਈ ॥

गुर परसादी घर ही महि पाई ॥

gur parsaadee ghar hee meh paa-ee.
By Guru's Grace, I have found Him within the home of my own heart.

ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥

सदा सरेवी इक मनि धिआई गुरमुखि सचि समावणिआ ॥१॥

sadaa sarayvee ik man Dhi-aa-ee gurmukh sach samaavani-aa. ||1||
I serve Him constantly, and I meditate on Him single-mindedly. As Gurmukh, I am absorbed in the True One. ||1||

ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥

हउ वारी जीउ वारी जगजीवनु मंनि वसावणिआ ॥

ha-o vaaree jee-o vaaree jagjeevan man vasaavani-aa.
I am a sacrifice, my soul is a sacrifice, to those who enshrine the Lord, the Life of the World, within their minds.

ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥

हरि जगजीवनु निरभउ दाता गुरमति सहजि समावणिआ ॥१॥ रहाउ ॥

har jagjeevan nirbha-o daataa gurmat sahj samaavani-aa. ||1|| rahaa-o.
Through the Guru's Teachings, I merge with intuitive ease into the Lord, the Life of the World, the Fearless One, the Great Giver. ||1||Pause||

ਘਰ ਮਹਿ ਧਰਤੀ ਧਉਲੁ ਪਾਤਾਲਾ ॥

घर महि धरती धउलु पाताला ॥

ghar meh Dhartee Dha-ul paataalaa.

Within the home of the self is the earth, its support and the nether regions of the underworld.

ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥

घर ही महि प्रीतमु सदा है बाला ॥

ghar hee meh pareetam sadaa hai baalaa.

Within the home of the self is the Eternally Young Beloved.

ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥

सदा अनंदि रहै सुखदाता गुरमति सहजि समावणिआ ॥२॥

sadaa anand rahai sukh-daata gurmat sahj samaavani-aa. ||2||

The Giver of peace is eternally blissful. Through the Guru's Teachings, we are absorbed in intuitive peace. ||2||

ਕਾਇਆ ਅੰਦਰਿ ਹਉਮੈ ਮੇਰਾ ॥

काइआ अंदरि हउमै मेरा ॥

kaa-i-aa andar ha-umai mayraa.

When the body is filled with ego and selfishness,

ਜੰਮਣ ਮਰਣੁ ਨ ਚੂਕੈ ਫੇਰਾ ॥

जम्मण मरणु न चूकै फेरा ॥

jaman maran na chookai fayraa.

the cycle of birth and death does not end.

ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥

गुरमुखि होवै सु हउमै मारे सचो सचु धिआवणिआ ॥३॥

gurmukh hovai so ha-umai maaray sacho sach Dhi-aavani-aa. ||3||

One who becomes Gurmukh subdues egotism, and meditates on the Truest of the True. ||3||

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥

काइआ अंदरि पापु पुन्नु दुइ भाई ॥

kaa-i-aa andar paap punn du-ay bhaa-ee.

Within this body are the two brothers, sin and virtue.

ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
दुही मिलि कै स्रिसटि उपाई ॥
duhee mil kai sarisat upaa-ee.
When the two joined together, the Universe was produced.

ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥
दोवै मारि जाइ इकतु घरि आवै गुरमति सहजि समावणिआ ॥४॥
dovai maar jaa-ay ikat ghar aavai gurmat sahj samaavani-aa. ||4||
Subduing both, and entering into the Home of the One, through the Guru's Teachings, we are absorbed in intuitive peace. ||4||

ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥
घर ही माहि दूजै भाइ अनेरा ॥
ghar hee maahi doojai bhaa-ay anayraa.
Within the home of the self is the darkness of the love of duality.

ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
चानणु होवै छोडै हउमै मेरा ॥
chaanan hovai chhodai ha-umai mayraa.
When the Divine Light dawns, ego and selfishness are dispelled.

ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥
परगटु सबदु है सुखदाता अनदिनु नामु धिआवणिआ ॥५॥
pargat sabad hai sukh-daata an-din naam Dhi-aavani-aa. ||5||
The Giver of peace is revealed through the Shabad, meditating upon the Naam, night and day. ||5||

ਅੰਤਰਿ ਜੋਤਿ ਪਰਗਟੁ ਪਾਸਾਰਾ ॥
अंतरि जोति परगटु पासारा ॥
antar jot pargat paasaaraa.
Deep within the self is the Light of God; It radiates throughout the expanse of His creation.

ਗੁਰ ਸਾਖੀ ਮਿਟਿਆ ਅੰਧਿਆਰਾ ॥
गुर साखी मिटिआ अंधिआरा ॥
gur saakhee miti-aa anDhi-aaraa.

Through the Guru's Teachings, the darkness of spiritual ignorance is dispelled.

ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥
कमलु बिगासि सदा सुखु पाइआ जोती जोति मिलावणिआ ॥६॥
kamal bigaas sadaa sukh paa-i-aa jotee jot milaavani-aa. ||6||
The heart-lotus blossoms forth, and eternal peace is obtained, as one's light merges into the Light. ||6||

ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥
अंदरि महल रतनी भरे भंडारा ॥
andar mahal ratnee bharay bhandaaraa.
Within the mansion is the treasure house, overflowing with jewels.

ਗੁਰਮੁਖਿ ਪਾਏ ਨਾਮੁ ਅਪਾਰਾ ॥
गुरमुखि पाए नामु अपारा ॥
gurmukh paa-ay naam apaaraa.
The Gurmukh obtains the Infinite Naam, the Name of the Lord.

ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥
गुरमुखि वणजे सदा वापारी लाहा नामु सद पावणिआ ॥७॥
gurmukh vanjay sadaa vaapaaree laahaa naam sad paavni-aa. ||7||
The Gurmukh, the trader, always purchases the merchandise of the Naam, and always reaps profits. ||7||

ਆਪੇ ਵਥੁ ਰਾਖੈ ਆਪੇ ਦੇਇ ॥
आपे वथु राखै आपे देइ ॥
aapay vath raakhai aapay day-ay.
The Lord Himself keeps this merchandise in stock, and He Himself distributes it.

ਗੁਰਮੁਖਿ ਵਣਜਹਿ ਕੇਈ ਕੇਇ ॥
गुरमुखि वणजहि केई केइ ॥
gurmukh vanjahi kay-ee kay-ay.
Rare is that Gurmukh who trades in this.

ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥

नानक जिसु नदरि करे सो पाए करि किरपा मंनि वसावणिआ ॥८॥२७॥२८॥

Nanak jis nadar karay so paa-ay kar kirpaa man vasaavani-aa. ||8||27||28||

O Nanak, those upon whom the Lord casts His Glance of Grace, obtain it. Through His Mercy, it is enshrined in the mind. ||8||27||28||

ਮਾਝ ਮਹਲਾ ੩ ॥

माझ महला ३ ॥

maajh mahalla 3.

Maajh, Third Mahalla

ਹਰਿ ਆਪੇ ਮੇਲੇ ਸੇਵ ਕਰਾਏ ॥

हरि आपे मेले सेव कराए ॥

har aapay maylay sayv karaa-ay.

The Lord Himself leads us to merge with Him and serve Him.

ਗੁਰ ਕੈ ਸਬਦਿ ਭਾਉ ਦੂਜਾ ਜਾਏ ॥

गुर कै सबदि भाउ दूजा जाए ॥

gur kai sabad bhaa-o doojaa jaa-ay.

Through the Word of the Guru's Shabad, the love of duality is eradicated.

ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥

हरि निरमलु सदा गुणदाता हरि गुण महि आपि समावणिआ ॥१॥

har nirmal sadaa gundaataa har gun meh aap samaavani-aa. ||1||

The Immaculate Lord is the Bestower of eternal virtue. The Lord Himself leads us to merge in His Virtuous Goodness. ||1||

ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥

हउ वारी जीउ वारी सचु सचा हिरदै वसावणिआ ॥

ha-o vaaree jee-o vaaree sach sachaa hirdai vasaavani-aa.

I am a sacrifice, my soul is a sacrifice, to those who enshrine the Truest of the True within their hearts.

ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥੧॥ ਰਹਾਉ ॥

सचा नामु सदा है निरमलु गुर सबदी मंनि वसावणिआ ॥१॥ रहाउ ॥

sachaa naam sadaa hai nirmal gur sabdee man vasaavani-aa. ||1|| rahaa-o.

The True Name is eternally pure and immaculate. Through the Word of the Guru's Shabad, it is enshrined within the mind. ||1||Pause||

ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥
आपे गुरु दाता करमि बिधाता ॥
aapay gur daataa karam biDhaataa.
The Guru Himself is the Giver, the Architect of Destiny.

ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥
सेवक सेवहि गुरमुखि हरि जाता ॥
sayvak sayveh gurmukh har jaataa.
The Gurmukh, the humble servant who serves the Lord, comes to know Him.

ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥੨॥
अमृत नामि सदा जन सोहहि गुरमति हरि रसु पावणिआ ॥२॥
amrit naam sadaa jan soheh gurmat har ras paavni-aa. ||2||
Those humble beings look beautiful forever in the Ambrosial Naam. Through the Guru's Teachings, they receive the sublime essence of the Lord. ||2||

ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥
इसु गुफा महि इकु थानु सुहाइआ ॥
is gufaa meh ik thaan suhaa-i-aa.
Within the cave of this body, there is one beautiful place.

ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥
पूरै गुरि हउमै भरमु चुकाइआ ॥
poorai gur ha-umai bharam chukaa-i-aa.
Through the Perfect Guru, ego and doubt are dispelled.

ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥
अनदिनु नामु सलाहनि रंगि राते गुर किरपा ते पावणिआ ॥३॥
an-din naam salaahan rang raatay gur kirpaa tay paavni-aa. ||3||
Night and day, praise the Naam, the Name of the Lord; imbued with the Lord's Love, by Guru's Grace, you shall find Him. ||3||

ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥
गुर कै सबदि इहु गुफा वीचारे ॥
gur kai sabad ih gufaa veechaaray.
Through the Word of the Guru's Shabad, search this cave.

ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥
नामु निरंजनु अंतरि वसै मुरारे ॥
naam niranjan antar vasai muraaray.
The Immaculate Naam, the Name of the Lord, abides deep within the self.

ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥
हरि गुण गावै सबदि सुहाए मिलि प्रीतम सुखु पावणिआ ॥४॥
har gun gaavai sabad suhaa-ay mil pareetam sukh paavni-aa. ||4||
Sing the Glorious Praises of the Lord, and decorate yourself with the Shabad. Meeting with your Beloved, you shall find peace. ||4||

ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥
जमु जागाती दूजै भाइ करु लाए ॥
jam jaagaatee doojai bhaa-ay kar laa-ay.
The Messenger of Death imposes his tax on those who are attached to duality.

ਨਾਵਹੁ ਭੂਲੇ ਦੇਇ ਸਜਾਏ ॥
नावहु भूले देइ सजाए ॥
naavhu bhoolay day-ay sajaa-ay.
He inflicts punishment on those who forget the Name.

ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥
घड़ी मुहत का लेखा लेवै रतीअहु मासा तोल कढावणिआ ॥५॥
gharhee muhat kaa laykhaa layvai ratee-ahu maasaa tol kadhaavani-aa. ||5||
They are called to account for each instant and each moment. Every grain, every particle, is weighed and counted. ||5||

ਪੇਈਅੜੈ ਪਿਰੁ ਚੇਤੇ ਨਾਹੀ ॥ ਦੂਜੈ ਮੁਠੀ ਰੋਵੈ ਧਾਹੀ ॥
पेईअड़ै पिरु चेते नाही ॥ दूजै मुठी रोवै धाही ॥

pay-ee-arhai pir chaytay naahee. doojai muthee rovai Dhaahee.
One who does not remember her Husband Lord in this world is being cheated by duality; she shall weep bitterly in the end.

ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥੬॥
खरी कुआलिओ कुरूपि कुलखणी सुपनै पिरु नही पावणिआ ॥६॥
kharee ku-aali-o kuroop kulkhanee supnai pir nahee paavni-aa. ||6||
She is from an evil family; she is ugly and vile. Even in her dreams, she does not meet her Husband Lord. ||6||

ਪੇਈਅੜੈ ਪਿਰੁ ਮੰਨਿ ਵਸਾਇਆ ॥
पेईअड़ै पिरु मंनि वसाइआ ॥
pay-ee-arhai pir man vasaa-i-aa.
She who enshrines her Husband Lord in her mind in this world

ਪੂਰੈ ਗੁਰਿ ਹਦੂਰਿ ਦਿਖਾਇਆ ॥
पूरै गुरि हदूरि दिखाइआ ॥
poorai gur hadoor dikhaa-i-aa.
-His Presence is revealed to her by the Perfect Guru.

ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ॥੭॥
कामणि पिरु राखिआ कंठि लाइ सबदे पिरु रावै सेज सुहावणिआ ॥७॥
kaaman pir raakhi-aa kanth laa-ay sabday pir raavai sayj suhaavani-aa. ||7||
That soul-bride keeps her Husband Lord clasped tightly to her heart, and through the Word of the Shabad, she enjoys her Husband Lord upon His Beautiful Bed. ||7||

ਆਪੇ ਦੇਵੈ ਸਦਿ ਬੁਲਾਏ ॥
आपे देवै सदि बुलाए ॥
aapay dayvai sad bulaa-ay.
The Lord Himself sends out the call, and He summons us to His Presence.

ਆਪਣਾ ਨਾਉ ਮੰਨਿ ਵਸਾਏ ॥
आपणा नाउ मंनि वसाए ॥
aapnaa naa-o man vasaa-ay.
He enshrines His Name within our minds.

ਨਾਨਕ ਨਾਮੁ ਮਿਲੈ ਵਡਿਆਈ ਅਨਦਿਨੁ ਸਦਾ ਗੁਣ ਗਾਵਣਿਆ ॥੮॥੨੮॥੨੯॥
नानक नामु मिलै वडिआई अनदिनु सदा गुण गावणिआ ॥८॥२८॥२९॥
Nanak naam milai vadi-aa-ee an-din sadaa gun gaavani-aa. ||8||28||29||
O Nanak, one who receives the greatness of the Naam night and day, constantly sings His Glorious Praises. ||8||28||29||

ਮਾਝ ਮਹਲਾ ੩ ॥
माझ महला ३ ॥
maajh mahalla 3.
Maajh, Third Mahalla

ਊਤਮ ਜਨਮੁ ਸੁਥਾਨਿ ਹੈ ਵਾਸਾ ॥
ऊतम जनमु सुथानि है वासा ॥
ootam janam suthaan hai vaasaa.
Sublime is their birth, and the place where they dwell.

ਸਤਿਗੁਰੁ ਸੇਵਹਿ ਘਰ ਮਾਹਿ ਉਦਾਸਾ ॥
सतिगुरु सेवहि घर माहि उदासा ॥
satgur sayveh ghar maahi udaasaa.
Those who serve the True Guru remain detached in the home of their own being.

ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ ਤ੍ਰਿਪਤਾਵਣਿਆ ॥੧॥
हरि रंगि रहहि सदा रंगि राते हरि रसि मनु तृपतावणिआ ॥१॥
har rang raheh sadaa rang raatay har ras man tariptaavni-aa. ||1||
They abide in the Lord's Love, and constantly imbued with His Love, their minds are satisfied and fulfilled with the Lord's Essence. ||1||

ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥
हउ वारी जीउ वारी पड़ि बुझि मंनि वसावणिआ ॥
ha-o vaaree jee-o vaaree parh bujh man vasaavani-aa.
I am a sacrifice, my soul is a sacrifice, to those who read of the Lord, who understand and enshrine Him within their minds.

ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥
गुरमुखि पड़हि हरि नामु सलाहहि दरि सचै सोभा पावणिआ ॥१॥ रहाउ ॥

gurmukh parheh har naam salaaheh dar sachai sobhaa paavni-aa. ||1|| rahaa-o.
The Gurmukhs read and praise the Lord's Name; they are honored in the True Court. ||1||Pause||

ਅਲਖ ਅਭੇਉ ਹਰਿ ਰਹਿਆ ਸਮਾਏ ॥
अलख अभेउ हरि रहिआ समाए ॥
alakh abhay-o har rahi-aa samaa-ay.
The Unseen and Inscrutable Lord is permeating and pervading everywhere.

ਉਪਾਇ ਨ ਕਿਤੀ ਪਾਇਆ ਜਾਏ ॥
उपाइ न किती पाइआ जाए ॥
upaa-ay na kitee paa-i-aa jaa-ay.
He cannot be obtained by any effort.

ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ ॥੨॥
किरपा करे ता सतिगुरु भेटै नदरी मेलि मिलावणिआ ॥२॥
kirpaa karay taa satgur bhaytai nadree mayl milaavani-aa. ||2||
If the Lord grants His Grace, then we come to meet the True Guru. By His Kindness, we are united in His Union. ||2||

ਦੂਜੈ ਭਾਇ ਪੜੈ ਨਹੀ ਬੂਝੈ ॥
दूजै भाइ पड़ै नही बूझै ॥
doojai bhaa-ay parhai nahee boojhai.
One who reads, while attached to duality, does not understand.

ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
तृबिधि माइआ कारणि लूझै ॥
taribaDh maa-i-aa kaaran loojhai.
He yearns for the three-phased Maya.

ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥
तृबिधि बंधन तूटहि गुर सबदी गुर सबदी मुकति करावणिआ ॥३॥
taribaDh banDhan tooteh gur sabdee gur sabdee mukat karaavani-aa. ||3||
The bonds of the three-phased Maya are broken by the Word of the Guru's Shabad. Through the Guru's Shabad, liberation is achieved. ||3||

ਇਹੁ ਮਨੁ ਚੰਚਲੁ ਵਸਿ ਨ ਆਵੈ ॥
इहु मनु चंचलु वसि न आवै ॥
ih man chanchal vas na aavai.
This unstable mind cannot be held steady.

ਦੁਬਿਧਾ ਲਾਗੈ ਦਹ ਦਿਸਿ ਧਾਵੈ ॥
दुबिधा लागै दह दिसि धावै ॥
dubiDhaa laagai dah dis Dhaavai.
Attached to duality, it wanders in the ten directions.

ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥
बिखु का कीड़ा बिखु महि राता बिखु ही माहि पचावणिआ ॥४॥
bikh kaa keerhaa bikh meh raataa bikh hee maahi pachaavani-aa. ||4||
It is a poisonous worm, drenched with poison, and in poison it rots away. ||4||

ਹਉ ਹਉ ਕਰੇ ਤੈ ਆਪੁ ਜਣਾਏ ॥
हउ हउ करे तै आपु जणाए ॥
ha-o ha-o karay tai aap janaa-ay.
उकति सिआनप सगल तिआगि नानक लए समाइ ॥१॥

ukat si-aanap sagal ti-aag Nanak la-ay samaa-ay. ||1||

Give up all your clever tricks, O Nanak, and He shall absorb you into Himself. ||1||

ਪਉੜੀ ॥

पउड़ी ॥

pa-orhee.

Pauree:

ਸਸਾ ਸਿਆਨਪ ਛਾਡੁ ਇਆਨਾ ॥

ससा सिआनप छाडु इआना ॥

sasaa si-aanap chhaad i-aanaa.

SASSA: Give up your clever tricks, you ignorant fool!

ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥

हिकमति हुकमि न प्रभु पतीआना ॥

hikmat hukam na parabh patee-aanaa.

God is not pleased with clever tricks and commands.

ਸਹਸ ਭਾਤਿ ਕਰਹਿ ਚਤੁਰਾਈ ॥

सहस भाति करहि चतुराई ॥

sahas bhaat karahi chaturaa-ee.

You may practice a thousand forms of cleverness,

ਸੰਗਿ ਤੁਹਾਰੈ ਏਕ ਨ ਜਾਈ ॥

संगि तुहारै एक न जाई ॥

sang tuhaarai ayk na jaa-ee.

but not even one will go along with you in the end.

ਸੋਊ ਸੋਊ ਜਪਿ ਦਿਨ ਰਾਤੀ ॥

सोऊ सोऊ जपि दिन राती ॥

so-oo so-oo jap din raatee.

Meditate on that Lord, that Lord, day and night.

ਰੇ ਜੀਅ ਚਲੈ ਤੁਹਾਰੈ ਸਾਥੀ ॥
रे जीअ चलै तुहारै साथी ॥
ray jee-a chalai tuhaarai saathee.
O soul, He alone shall go along with you.

ਸਾਧ ਸੇਵਾ ਲਾਵੈ ਜਿਹ ਆਪੈ ॥
साध सेवा लावै जिह आपै ॥
saaDh sayvaa laavai jih aapai.
Those whom the Lord Himself commits to the service of the Holy,

ਨਾਨਕ ਤਾ ਕਉ ਦੂਖੁ ਨ ਬਿਆਪੈ ॥੫੦॥
नानक ता कउ दूखु न बिआपै ॥५०॥
Nanak taa ka-o dookh na bi-aapai. ||50||
O Nanak, are not afflicted by suffering. ||50||

ਸਲੋਕੁ ॥
सलोकु ॥
salok.
Shalok:

ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ ॥
हरि हरि मुख ते बोलना मनि वूठै सुखु होइ ॥
har har mukh tay bolnaa man voothai sukh ho-ay.
Chanting the Name of the Lord, Har, Har, and keeping it in your mind, you shall find peace.

ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ ॥੧॥
नानक सभ महि रवि रहिआ थान थनंतरि सोइ ॥१॥
Nanak sabh meh rav rahi-aa thaan thanantar so-ay. ||1||
O Nanak, the Lord is pervading everywhere; He is contained in all spaces and interspaces. ||1||

ਪਉੜੀ ॥
पउड़ी ॥
pa-orhee.

Pauree:

ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥
हेरउ घटि घटि सगल कै पूरि रहे भगवान ॥
hayra-o ghat ghat sagal kai poor rahay bhagvaan.
Behold! The Lord God is totally pervading each and every heart.

ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥
होवत आए सद सदीव दुख भंजन गुर गिआन ॥
hovat aa-ay sad sadeev dukh bhanjan gur gi-aan.
Forever and ever, the Guru's wisdom has been the Destroyer of pain.

ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥
हउ छुटकै होइ अनंदु तिह हउ नाही तह आपि ॥
ha-o chhutkai ho-ay anand tih ha-o naahee tah aap.
Quieting the ego, ecstasy is obtained. Where the ego does not exist, God Himself is there.

ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ ॥
हते दूख जनमह मरन संतसंग परताप ॥
hatay dookh janmah maran satsang partaap.
The pain of birth and death is removed, by the power of the Society of the Saints.

ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥ ਸੰਤਹ ਸੰਗਿ ਹੋਤ ਕਿਰਪਾਲਾ ॥
हित करि नाम दृड़ै दइआला ॥ संतह संगि होत किरपाला ॥
hit kar naam darirhai da-i-aalaa. santeh sang hot kirpaalaa.
He becomes kind to those who lovingly enshrine the Name of the Merciful Lord within their hearts, in the Society of the Saints.

Page: 0261

ਓਰੈ ਕਛੂ ਨ ਕਿਨਹੂ ਕੀਆ ॥
ओरै कछू न किनहू कीआ ॥
orai kachhoo na kinhoo kee-aa.
In this world, no one accomplishes anything by himself.

ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥੫੧॥
नानक सभु कछु प्रभ ते हूआ ॥५१॥
Nanak sabh kachh parabh tay hoo-aa. ||51||
O Nanak, everything is done by God. ||51||

ਸਲੋਕੁ ॥
सलोकु ॥
salok.
Shalok:

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
लेखै कतहि न छूटीऐ खिनु खिनु भूलनहार ॥
laykhai kateh na chhootee-ai khin khin bhoolanhaar.
Because of the balance due on his account, he can never be released; he makes mistakes each and every moment.

ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥
बखसनहार बखसि लै नानक पारि उतार ॥१॥
bakhsanhaar bakhas lai Nanak paar utaar. ||1||
O Forgiving Lord, please forgive me, and carry Nanak across. ||1||

ਪਉੜੀ ॥
पउड़ी ॥
pa-orhee.
Pauree:

ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥
लूण हरामी गुनहगार बेगाना अलप मति ॥
loon haraamee gunahgaar baygaanaa alap mat.
The sinner is unfaithful to himself; he is ignorant, with shallow understanding.

ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥
जीउ पिंडु जिनि सुख दीए ताहि न जानत तत ॥
jee-o pind jin sukh dee-ay taahi na jaanat tat.

He does not know the essence of all, the One who gave him body, soul and peace.

ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥
लाहा माइआ कारने दह दिसि ढूढन जाइ ॥
laahaa maa-i-aa kaarnay dah dis dhoodhan jaa-ay.
For the sake of personal profit and Maya, he goes out, searching in the ten directions.

ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥
देवनहार दातार प्रभ निमख न मनहि बसाइ ॥
dayvanhaar daataar parabh nimakh na maneh basaa-ay.
He does not enshrine the Generous Lord God, the Great Giver, in his mind, even for an instant.

ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥
लालच झूठ बिकार मोह इआ सम्पै मन माहि ॥
laalach jhooth bikaar moh i-aa sampai man maahi.
Greed, falsehood, corruption and emotional attachment - these are what he collects within his mind.

ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
लम्पट चोर निंदक महा तिनहू संगि बिहाइ ॥
lampat chor nindak mahaa tinhoo sang bihaa-ay.
The worst perverts, thieves and slanderers - he passes his time with them.

ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥
तुधु भावै ता बखसि लैहि खोटे संगि खरे ॥
tuDh bhaavai taa bakhas laihi khotay sang kharay.
But if it pleases You, Lord, then You forgive the counterfeit along with the genuine.

ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥
नानक भावै पारब्रह्म पाहन नीरि तरे ॥५२॥
Nanak bhaavai paarbarahm paahan neer taray. ||52||
O Nanak, if it pleases the Supreme Lord God, then even a stone will float on water. ||52||

ਸਲੋਕੁ ॥
सलोकु ॥
salok.
Shalok:

ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥
खात पीत खेलत हसत भरमे जनम अनेक ॥
khaat peet khaylat hasat bharmay janam anayk.
Eating, drinking, playing and laughing, I have wandered through countless incarnations.

ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥੧॥
भवजल ते काढहु प्रभू नानक तेरी टेक ॥१॥
bhavjal tay kaadhahu parabhoo Nanak tayree tayk. ||1||
Please, God, lift me up and out of the terrifying world-ocean. Nanak seeks Your Support. ||1||

ਪਉੜੀ ॥
पउड़ी ॥
pa-orhee.
Pauree:

ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥
खेलत खेलत आइओ अनिक जोनि दुख पाइ ॥
khaylat khaylat aa-i-o anik jon dukh paa-ay.
Playing, playing, I have been reincarnated countless times, but this has only brought pain.

ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥
खेद मिटे साधू मिलत सतिगुर बचन समाइ ॥
khayd mitay saaDhoo milat satgur bachan samaa-ay.
Troubles are removed, when one meets with the Holy; immerse yourself in the Word of the True Guru.

ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥
खिमा गही सचु संचिओ खाइओ अम्रितु नाम ॥

khimaa gahee sach sanchi-o khaa-i-o amrit naam.
Adopting an attitude of tolerance, and gathering truth, partake of the Ambrosial Nectar of the Name.

ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥
खरी क्रिपा ठाकुर भई अनद सूख बिस्राम ॥
kharee kirpaa thaakur bha-ee anad sookh bisraam.
When my Lord and Master showed His Great Mercy, I found peace, happiness and bliss.

ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥
खेप निबाही बहुतु लाभ घरि आए पतिवंत ॥
khayp nibaahee bahut laabh ghar aa-ay pativant.
My merchandise has arrived safely, and I have made a great profit; I have returned home with honor.

ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥
खरा दिलासा गुरि दीआ आइ मिले भगवंत ॥
kharaa dilaasaa gur dee-aa aa-ay milay bhagvant.
The Guru has given me great consolation, and the Lord God has come to meet me.

ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥
आपन कीआ करहि आपि आगै पाछै आपि ॥
aapan kee-aa karahi aap aagai paachhai aap.
He Himself has acted, and He Himself acts. He was in the past, and He shall be in the future.

ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥
नानक सोऊ सराहीऐ जि घटि घटि रहिआ बिआपि ॥५३॥
Nanak so-oo saraahee-ai je ghat ghat rahi-aa bi-aap. ||53||
O Nanak, praise the One, who is contained in each and every heart. ||53||

ਸਲੋਕੁ ॥
सलोकु ॥
salok.
Shalok:

ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥
आए प्रभ सरनागती किरपा निधि दइआल ॥
aa-ay parabh sarnaagatee kirpaa niDh da-i-aal.
O God, I have come to Your Sanctuary, O Merciful Lord, Ocean of compassion.

ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥੧॥
एक अखरु हरि मनि बसत नानक होत निहाल ॥१॥
ayk akhar har man basat Nanak hot nihaal. ||1||
One whose mind is filled with the One Word of the Lord, O Nanak, becomes totally blissful. ||1||

ਪਉੜੀ ॥
पउड़ी ॥
pa-orhee.
Pauree:

ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥
अखर महि तृभवन प्रभि धारे ॥
akhar meh taribhavan parabh Dhaaray.
In the Word, God established the three worlds.

ਅਖਰ ਕਰਿ ਕਰਿ ਬੇਦ ਬੀਚਾਰੇ ॥
अखर करि करि बेद बीचारे ॥
akhar kar kar bayd beechaaray.
Created from the Word, the Vedas are contemplated.

ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥
अखर सासत्र सिम्मृति पुराना ॥
akhar saastar simrit puraanaa.
From the Word, came the Shaastras, Simritees and Puraanas.

ਅਖਰ ਨਾਦ ਕਥਨ ਵਖ੍ਯ਼ਾਨਾ ॥
अखर नाद कथन वख्याना ॥
akhar naad kathan vakh-yaanaa.

From the Word, came the sound current of the Naad, speeches and explanations.

ਅਖਰ ਮੁਕਤਿ ਜੁਗਤਿ ਭੈ ਭਰਮਾ ॥
अखर मुकति जुगति भै भरमा ॥
akhar mukat jugat bhai bharmaa.
From the Word, comes the way of liberation from fear and doubt.

ਅਖਰ ਕਰਮ ਕਿਰਤਿ ਸੁਚ ਧਰਮਾ ॥
अखर कर्म किरति सुच धरमा ॥
akhar karam kirat such Dharmaa.
From the Word, come religious rituals, karma, sacredness and Dharma.

ਦ੍ਰਿਸਟਿਮਾਨ ਅਖਰ ਹੈ ਜੇਤਾ ॥
दृसटिमान अखर है जेता ॥
daristimaan akhar hai jaytaa.
In the visible universe, the Word is seen.

ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥
नानक पारब्रह्म निरलेपा ॥५४॥
Nanak paarbarahm nirlaypaa. ||54||
O Nanak, the Supreme Lord God remains unattached and untouched. ||54||

ਸਲੋਕੁ ॥
सलोकु ॥
salok.
Shalok:

ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥
हथि कलम्म अगम्म मसतकि लिखावती ॥
hath kalamm agamm mastak likhaavatee.
With pen in hand, the Inaccessible Lord writes man's destiny on his forehead.

ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥
उरझि रहिओ सभ संगि अनूप रूपावती ॥

urajh rahi-o sabh sang anoop roopaavatee.
The Lord of Incomparable Beauty is involved with all.

ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥
उसतति कहनु न जाइ मुखहु तुहारीआ ॥
ustat kahan na jaa-ay mukhahu tuhaaree-aa.
I cannot describe Your Praises with my mouth, O Lord.

ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥
मोही देखि दरसु नानक बलिहारीआ ॥१॥
mohee daykh daras Nanak balihaaree-aa. ||1||
Nanak is fascinated, gazing upon the Blessed Vision of Your Darshan; he is a sacrifice to You. ||1||

ਪਉੜੀ ॥
पउड़ी ॥
pa-orhee.
Pauree:

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥
हे अचुत हे पारब्रह्म अबिनासी अघनास ॥
hay achut hay paarbarahm abhinaasee aghnaas.
O Immovable Lord, O Supreme Lord God, Imperishable, Destroyer of sins:

ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ ॥
हे पूरन हे सर्ब मै दुख भंजन गुणतास ॥
hay pooran hay sarab mai dukh bhanjan guntaas.
O Perfect, All-pervading Lord, Destroyer of pain, Treasure of virtue:

ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥
हे संगी हे निरंकार हे निरगुण सभ टेक ॥
hay sangee hay nirankaar hay nirgun sabh tayk.
O Companion, Formless, Absolute Lord, Support of all:

ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥
हे गोबिद हे गुण निधान जा कै सदा बिबेक ॥
hay gobid hay gun niDhaan jaa kai sadaa bibayk.

O Lord of the Universe, Treasure of excellence, with clear eternal understanding:

ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥
हे अपरम्पर हरि हरे हहि भी होवनहार ॥
hay aprampar har haray heh bhee hovanhaar.
Most Remote of the Remote, Lord God: You are, You were, and You shall always be.

ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥
हे संतह कै सदा संगि निधारा आधार ॥
hay santeh kai sadaa sang niDhaaraa aaDhaar.
O Constant Companion of the Saints, You are the Support of the unsupported.

ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥
हे ठाकुर हउ दासरो मै निरगुन गुनु नही कोइ ॥
hay thaakur ha-o daasro mai nirgun gun nahee ko-ay.
O my Lord and Master, I am Your slave. I am worthless, I have no worth at all.

Page: 0262

ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥੫੫॥
नानक दीजै नाम दानु राखउ हीऐ परोइ ॥५५॥
Nanak deejai naam daan raakha-o hee-ai paro-ay. ||55||
Nanak: grant me the Gift of Your Name, Lord, that I may string it and keep it within my heart. ||55||

ਸਲੋਕੁ ॥
सलोकु ॥
salok.
Shalok:

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥
गुरदेव माता गुरदेव पिता गुरदेव सुआमी परमेसुरा ॥

gurdayv maataa gurdayv pitaa gurdayv su-aamee parmaysuraa.
The Divine Guru is our mother, the Divine Guru is our father; the Divine Guru is our Lord and Master, the Transcendent Lord.

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥
गुरदेव सखा अगिआन भंजनु गुरदेव बंधिप सहोदरा ॥
gurdayv sakhaa agi-aan bhanjan gurdayv banDhip sahodaraa.
The Divine Guru is my companion, the Destroyer of ignorance; the Divine Guru is my relative and brother.

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
गुरदेव दाता हरि नामु उपदेसै गुरदेव मंतु निरोधरा ॥
gurdayv daataa har naam updaysai gurdayv mant niroDharaa.
The Divine Guru is the Giver, the Teacher of the Lord's Name. The Divine Guru is the Mantra which never fails.

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
गुरदेव साँति सति बुधि मूरति गुरदेव पारस परस परा ॥
gurdayv saa^{N}t sat buDh moorat gurdayv paaras paras paraa.
The Divine Guru is the image of peace, truth and wisdom. The Divine Guru is the Philosopher's Stone - touching it, one is transformed.

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥
गुरदेव तीरथु अमृत सरोवरु गुर गिआन मजनु अपरम्परा ॥
gurdayv tirath amrit sarovar gur gi-aan majan apramparaa.
The Divine Guru is the sacred shrine of pilgrimage, and the pool of divine nectar; bathing in the Guru's wisdom, one experiences the Infinite.

ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥
गुरदेव करता सभि पाप हरता गुरदेव पतित पवित करा ॥
gurdayv kartaa sabh paap hartaa gurdayv patit pavit karaa.
The Divine Guru is the Creator, and the Destroyer of all sins; the Divine Guru is the Purifier of sinners.

ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥
गुरदेव आदि जुगादि जुगु जुगु गुरदेव मंतु हरि जपि उधरा ॥
gurdayv aad jugaad jug jug gurdayv mant har jap uDhraa.

The Divine Guru existed in the very beginning, throughout the ages, in each and every age. The Divine Guru is the Mantra of the Lord's Name; chanting it, one is saved.

ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥
गुरदेव संगति प्रभ मेलि करि किरपा हम मूड़ पापी जितु लगि तरा ॥
gurdayv sangat parabh mayl kar kirpaa ham moorh paapee jit lag taraa.
O God, please be merciful to me, that I may be with the Divine Guru; I am a foolish sinner, but holding onto Him, I will be carried across.

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥
गुरदेव सतिगुरु पारब्रह्मु परमेसरु गुरदेव नानक हरि नमसकरा ॥१॥
gurdayv satgur paarbarahm parmaysar gurdayv Nanak har namaskaraa. ||1||
The Divine Guru is the True Guru, the Supreme Lord God, the Transcendent Lord; Nanak bows in humble reverence to the Lord, the Divine Guru. ||1||

ਏਹੁ ਸਲੋਕੁ ਆਦਿ ਅੰਤਿ ਪੜਣਾ ॥
एहु सलोकु आदि अंति पड़णा ॥
ayhu salok aad ant parh-naa.
Read this Shalok at the beginning, and at the end. ||

ਗਉੜੀ ਸੁਖਮਨੀ ਮਃ ੫ ॥
गउड़ी सुखमनी मः ५ ॥
ga-orhee sukhmanee mahalla 5.
Gauree Sukhmani, Fifth Mahalla

ਸਲੋਕੁ ॥
सलोकु ॥
salok.
Shalok:

ੴ ਸਤਿਗੁਰ ਪ੍ਰਸਾਦਿ ॥
ੴ सतिगुर प्रसादि ॥
ik-oNkaar satgur parsaad.
One Universal Creator God. By The Grace Of The True Guru:

ਆਦਿ ਗੁਰਏ ਨਮਹ ॥

आदि गुरए नमह ॥

aad gur-ay namah.

I bow to the Primal Guru.

ਜੁਗਾਦਿ ਗੁਰਏ ਨਮਹ ॥

जुगादि गुरए नमह ॥

jugaad gur-ay namah.

I bow to the Guru of the ages.

ਸਤਿਗੁਰਏ ਨਮਹ ॥

सतिगुरए नमह ॥

satgur-ay namah.

I bow to the True Guru.

ਸ੍ਰੀ ਗੁਰਦੇਵਏ ਨਮਹ ॥੧॥

स्री गुरदेवए नमह ॥१॥

saree gurdayv-ay namah. ||1||

I bow to the Great, Divine Guru. ||1||

ਅਸਟਪਦੀ ॥

असटपदी ॥

asatpadee.

Ashtapadee:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥

सिमरउ सिमरि सिमरि सुखु पावउ ॥

simra-o simar simar sukh paava-o.

Meditate, meditate, meditate in remembrance of Him, and find peace.

ਕਲਿ ਕਲੇਸ ਤਨ ਮਾਹਿ ਮਿਟਾਵਉ ॥

कलि कलेस तन माहि मिटावउ ॥

kal kalays tan maahi mitaava-o.

Worry and anguish shall be dispelled from your body.

ਸਿਮਰਉ ਜਾਸੁ ਬਿਸੁੰਭਰ ਏਕੈ ॥

सिमरउ जासु बिसुम्भर एकै ॥

simra-o jaas bisumbhar aykai.
Remember in praise the One who pervades the whole Universe.

ਨਾਮੁ ਜਪਤ ਅਗਨਤ ਅਨੇਕੈ ॥
नामु जपत अगनत अनेकै ॥
naam japat agnat anaykai.
His Name is chanted by countless people, in so many ways.

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਰ ॥
बेद पुरान सिम्मृति सुधाख्यर ॥
bayd puraan simrit suDhaakh-yar.
The Vedas, the Puraanas and the Simritees, the purest of utterances,

ਕੀਨੇ ਰਾਮ ਨਾਮ ਇਕ ਆਖ੍ਯ੍ਰ ॥
कीने राम नाम इक आख्यर ॥
keenay raam naam ik aakh-yar.
were created from the One Word of the Name of the Lord.

ਕਿਨਕਾ ਏਕ ਜਿਸੁ ਜੀਅ ਬਸਾਵੈ ॥
किनका एक जिसु जीअ बसावै ॥
kinkaa ayk jis jee-a basaavai.
That one, in whose soul the One Lord dwells

ਤਾ ਕੀ ਮਹਿਮਾ ਗਨੀ ਨ ਆਵੈ ॥
ता की महिमा गनी न आवै ॥
taa kee mahimaa ganee na aavai.
- the praises of his glory cannot be recounted.

ਕਾਂਖੀ ਏਕੈ ਦਰਸ ਤੁਹਾਰੋ ॥
काँखी एकै दरस तुहारो ॥
kaaNkhee aykai daras tuhaaro.
Those who yearn only for the blessing of Your Darshan

ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥
नानक उन संगि मोहि उधारो ॥१॥
Nanak un sang mohi uDhaaro. ||1||
- Nanak: save me along with them! ||1||

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
सुखमनी सुख अमृत प्रभ नामु ॥
sukhmanee sukh amrit parabh naam.
Sukhmani: Peace of Mind, the Nectar of the Name of God.

ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥
भगत जना कै मनि बिस्राम ॥ रहाउ ॥
bhagat janaa kai man bisraam. rahaa-o.
The minds of the devotees abide in a joyful peace. ||Pause||

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
प्रभ कै सिमरनि गरभि न बसै ॥
parabh kai simran garabh na basai.
Remembering God, one does not have to enter into the womb again.

ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
प्रभ कै सिमरनि दूखु जमु नसै ॥
parabh kai simran dookh jam nasai.
Remembering God, the pain of death is dispelled.

ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
प्रभ कै सिमरनि कालु परहरै ॥
parabh kai simran kaal parharai.
Remembering God, death is eliminated.

ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
प्रभ कै सिमरनि दुसमनु टरै ॥
parabh kai simran dusman tarai.
Remembering God, one's enemies are repelled.

ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
प्रभ सिमरत कछु बिघनु न लागै ॥
parabh simrat kachh bighan na laagai.
Remembering God, no obstacles are met.

ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥

प्रभ कै सिमरनि अनदिनु जागै ॥
parabh kai simran an-din jaagai.
Remembering God, one remains awake and aware, night and day.

ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
प्रभ कै सिमरनि भउ न बिआपै ॥
parabh kai simran bha-o na bi-aapai.
Remembering God, one is not touched by fear.

ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
प्रभ कै सिमरनि दुखु न संतापै ॥
parabh kai simran dukh na santaapai.
Remembering God, one does not suffer sorrow.

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥
प्रभ का सिमरनु साध कै संगि ॥
parabh kaa simran saaDh kai sang.
The meditative remembrance of God is in the Company of the Holy.

ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥
सर्ब निधान नानक हरि रंगि ॥२॥
sarab niDhaan Nanak har rang. ||2||
All treasures, O Nanak, are in the Love of the Lord. ||2||

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
प्रभ कै सिमरनि रिधि सिधि नउ निधि ॥
parabh kai simran riDh siDh na-o niDh.
In the remembrance of God are wealth, miraculous spiritual powers and the nine treasures.

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥
प्रभ कै सिमरनि गिआनु धिआनु ततु बुधि ॥
parabh kai simran gi-aan Dhi-aan tat buDh.
In the remembrance of God are knowledge, meditation and the essence of wisdom.

ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥

प्रभ कै सिमरनि जप तप पूजा ॥

parabh kai simran jap tap poojaa.

In the remembrance of God are chanting, intense meditation and devotional worship.

ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥

प्रभ कै सिमरनि बिनसै दूजा ॥

parabh kai simran binsai doojaa.

In the remembrance of God, duality is removed.

ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥

प्रभ कै सिमरनि तीर्थ इसनानी ॥

parabh kai simran tirath isnaanee.

In the remembrance of God are purifying baths at sacred shrines of pilgrimage.

ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥

प्रभ कै सिमरनि दरगह मानी ॥

parabh kai simran dargeh maanee.

In the remembrance of God, one attains honor in the Court of the Lord.

ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥

प्रभ कै सिमरनि होइ सु भला ॥

parabh kai simran ho-ay so bhalaa.

In the remembrance of God, one becomes good.

ਪ੍ਰਭ ਕੈ ਸਿਮਰਨਿ ਸੁਫਲ ਫਲਾ ॥

प्रभ कै सिमरनि सुफल फला ॥

parabh kai simran sufal falaa.

In the remembrance of God, one flowers in fruition.

ਸੇ ਸਿਮਰਹਿ ਜਿਨ ਆਪਿ ਸਿਮਰਾਏ ॥

से सिमरहि जिन आपि सिमराए ॥

say simrahi jin aap simraa-ay.

They alone remember Him in meditation, whom He inspires to meditate.

ਨਾਨਕ ਤਾ ਕੈ ਲਾਗਉ ਪਾਏ ॥੩॥
नानक ता कै लागउ पाए ॥३॥
Nanak taa kai laaga-o paa-ay. ||3||
Nanak grasps the feet of those humble beings. ||3||

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥
प्रभ का सिमरनु सभ ते ऊचा ॥
parabh kaa simran sabh tay oochaa.
The remembrance of God is the highest and most exalted of all.

ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥
प्रभ कै सिमरनि उधरे मूचा ॥
parabh kai simran uDhray moochaa.
In the remembrance of God, many are saved.

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥
प्रभ कै सिमरनि तृसना बुझै ॥
parabh kai simran tarisnaa bujhai.
In the remembrance of God, thirst is quenched.

ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥
प्रभ कै सिमरनि सभु किछु सुझै ॥
parabh kai simran sabh kichh sujhai.
In the remembrance of God, all things are known.

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥
प्रभ कै सिमरनि नाही जम त्रासा ॥
parabh kai simran naahee jam taraasaa.
In the remembrance of God, there is no fear of death.

ਪ੍ਰਭ ਕੈ ਸਿਮਰਨਿ ਪੂਰਨ ਆਸਾ ॥
प्रभ कै सिमरनि पूरन आसा ॥
parabh kai simran pooran aasaa.
In the remembrance of God, hopes are fulfilled.

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
प्रभ कै सिमरनि मन की मलु जाइ ॥
parabh kai simran man kee mal jaa-ay.
In the remembrance of God, the filth of the mind is removed.

ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥
अमृत नामु रिद माहि समाइ ॥
amrit naam rid maahi samaa-ay.
The Ambrosial Naam, the Name of the Lord, is absorbed into the heart.

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
प्रभ जी बसहि साध की रसना ॥
parabh jee baseh saaDh kee rasnaa.
God abides upon the tongues of His Saints.

ਨਾਨਕ ਜਨ ਕਾ ਦਾਸਨਿ ਦਸਨਾ ॥੪॥
नानक जन का दासनि दसना ॥४॥
Nanak jan kaa daasan dasnaa. ||4||
Nanak is the servant of the slave of His slaves. ||4||

ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥
प्रभ कउ सिमरहि से धनवंते ॥
parabh ka-o simrahi say Dhanvantay.
Those who remember God are wealthy.

ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥
प्रभ कउ सिमरहि से पतिवंते ॥
parabh ka-o simrahi say pativantay.
Those who remember God are honorable.

ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥
प्रभ कउ सिमरहि से जन परवान ॥
parabh ka-o simrahi say jan parvaan.
Those who remember God are approved.

ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥
प्रभ कउ सिमरहि से पुरख प्रधान ॥

parabh ka-o simrahi say purakh parDhaan.
Those who remember God are the most distinguished persons.

ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥
प्रभ कउ सिमरहि सि बेमुहताजे ॥
parabh ka-o simrahi se baymuhtaajay.
Those who remember God are not lacking.

ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥
प्रभ कउ सिमरहि सि सर्ब के राजे ॥
parabh ka-o simrahi se sarab kay raajay.
Those who remember God are the rulers of all.

ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥
प्रभ कउ सिमरहि से सुखवासी ॥
parabh ka-o simrahi say sukhvaasee.
Those who remember God dwell in peace.

ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥
प्रभ कउ सिमरहि सदा अबिनासी ॥
parabh ka-o simrahi sadaa abhinaasee.
Those who remember God are immortal and eternal.

ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥
सिमरन ते लागे जिन आपि दइआला ॥
simran tay laagay jin aap da-i-aalaa.
They alone hold to the remembrance of Him, unto whom He Himself shows His Mercy.

ਨਾਨਕ ਜਨ ਕੀ ਮੰਗੈ ਰਵਾਲਾ ॥੫॥
नानक जन की मंगै रवाला ॥५॥
Nanak jan kee mangai ravaalaa. ||5||
Nanak begs for the dust of their feet. ||5||

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥
प्रभ कउ सिमरहि से परउपकारी ॥
parabh ka-o simrahi say par-upkaaree.

Those who remember God generously help others.

ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥
प्रभ कउ सिमरहि तिन सद बलिहारी ॥
parabh ka-o simrahi tin sad balihaaree.
Those who remember God - to them, I am forever a sacrifice.

ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥
प्रभ कउ सिमरहि से मुख सुहावे ॥
parabh ka-o simrahi say mukh suhaavay.
Those who remember God - their faces are beautiful.

ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥
प्रभ कउ सिमरहि तिन सूखि बिहावै ॥
parabh ka-o simrahi tin sookh bihaavai.
Those who remember God abide in peace.

ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥
प्रभ कउ सिमरहि तिन आतमु जीता ॥
parabh ka-o simrahi tin aatam jeetaa.
Those who remember God conquer their souls.

ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥
प्रभ कउ सिमरहि तिन निर्मल रीता ॥
parabh ka-o simrahi tin nirmal reetaa.
Those who remember God have a pure and spotless lifestyle.

ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥
प्रभ कउ सिमरहि तिन अनद घनेरे ॥
parabh ka-o simrahi tin anad ghanayray.
Those who remember God experience all sorts of joys.

ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥
प्रभ कउ सिमरहि बसहि हरि नेरे ॥
parabh ka-o simrahi baseh har nayray.
Those who remember God abide near the Lord.

ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥
संत क्रिपा ते अनदिनु जागि ॥
sant kirpaa tay an-din jaag.
By the Grace of the Saints, one remains awake and aware, night and day.

ਨਾਨਕ ਸਿਮਰਨੁ ਪੂਰੈ ਭਾਗਿ ॥੬॥
नानक सिमरनु पूरै भागि ॥६॥
Nanak simran poorai bhaag. ||6||
O Nanak, this meditative remembrance comes only by perfect destiny. ||6||

ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥
प्रभ कै सिमरनि कारज पूरे ॥
parabh kai simran kaaraj pooray.
Remembering God, one's works are accomplished.

ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥
प्रभ कै सिमरनि कबहु न झूरे ॥
parabh kai simran kabahu na jhooray.
Remembering God, one never grieves.

ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥
प्रभ कै सिमरनि हरि गुन बानी ॥
parabh kai simran har gun baanee.
Remembering God, one speaks the Glorious Praises of the Lord.

ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥
प्रभ कै सिमरनि सहजि समानी ॥
parabh kai simran sahj samaanee.
Remembering God, one is absorbed into the state of intuitive ease.

ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥
प्रभ कै सिमरनि निहचल आसनु ॥
parabh kai simran nihchal aasan.
Remembering God, one attains the unchanging position.

ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥
प्रभ कै सिमरनि कमल बिगासनु ॥

parabh kai simran kamal bigaasan.
Remembering God, the heart-lotus blossoms forth.

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥
प्रभ कै सिमरनि अनहद झुनकार ॥
parabh kai simran anhad jhunkaar.
Remembering God, the unstruck melody vibrates.

ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥
सुखु प्रभ सिमरन का अंतु न पार ॥
sukh parabh simran kaa ant na paar.
The peace of the meditative remembrance of God has no end or limitation.

ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥
सिमरहि से जन जिन कउ प्रभ मइआ ॥
simrahi say jan jin ka-o parabh ma-i-aa.
They alone remember Him, upon whom God bestows His Grace.

ਨਾਨਕ ਤਿਨ ਜਨ ਸਰਨੀ ਪਇਆ ॥੭॥
नानक तिन जन सरनी पइआ ॥७॥
Nanak tin jan sarnee pa-i-aa. ||7||
Nanak seeks the Sanctuary of those humble beings. ||7||

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥
हरि सिमरनु करि भगत प्रगटाए ॥
har simran kar bhagat pargataa-ay.
Remembering the Lord, His devotees are famous and radiant.

ਹਰਿ ਸਿਮਰਨਿ ਲਗਿ ਬੇਦ ਉਪਾਏ ॥
हरि सिमरनि लगि बेद उपाए ॥
har simran lag bayd upaa-ay.
Remembering the Lord, the Vedas were composed.

ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
हरि सिमरनि भए सिध जती दाते ॥
har simran bha-ay siDh jatee daatay.
Remembering the Lord, we become Siddhas, celibates and givers.

ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥
हरि सिमरनि नीच चहु कुंट जाते ॥
har simran neech chahu kunt jaatay.
Remembering the Lord, the lowly become known in all four directions.

ਹਰਿ ਸਿਮਰਨਿ ਧਾਰੀ ਸਭ ਧਰਨਾ ॥
हरि सिमरनि धारी सभ धरना ॥
har simran Dhaaree sabh Dharnaa.
For the remembrance of the Lord, the whole world was established.

ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥
सिमरि सिमरि हरि कारन करना ॥
simar simar har kaaran karnaa.
Remember, remember in meditation the Lord, the Creator, the Cause of causes.

ਹਰਿ ਸਿਮਰਨਿ ਕੀਓ ਸਗਲ ਅਕਾਰਾ ॥
हरि सिमरनि कीओ सगल अकारा ॥
har simran kee-o sagal akaaraa.
For the remembrance of the Lord, He created the whole creation.

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥
हरि सिमरन महि आपि निरंकारा ॥
har simran meh aap nirankaaraa.
In the remembrance of the Lord, He Himself is Formless.

ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
करि किरपा जिसु आपि बुझाइआ ॥
kar kirpaa jis aap bujhaa-i-aa.
By His Grace, He Himself bestows understanding.

ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥
नानक गुरमुखि हरि सिमरनु तिनि पाइआ ॥८॥१॥
Nanak gurmukh har simran tin paa-i-aa. ||8||1||
O Nanak, the Gurmukh attains the remembrance of the Lord. ||8||1||

ਸਲੋਕੁ ॥
सलोकु ॥
salok.
Shalok:

ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥
दीन दरद दुख भंजना घटि घटि नाथ अनाथ ॥
deen darad dukh bhanjnaa ghat ghat naath anaath.
O Destroyer of the pains and the suffering of the poor, O Master of each and every heart, O Masterless One:

ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥
सरणि तुम्हारी आइओ नानक के प्रभ साथ ॥१॥
saran tumHaaree aa-i-o Nanak kay parabh saath. ||1||
I have come seeking Your Sanctuary. O God, please be with Nanak! ||1||

ਅਸਟਪਦੀ ॥
असटपदी ॥
asatpadee.
Ashtapadee:

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
जह मात पिता सुत मीत न भाई ॥
jah maat pitaa sut meet na bhaa-ee.
Where there is no mother, father, children, friends or siblings

ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
मन ऊहा नामु तेरै संगि सहाई ॥
man oohaa naam tayrai sang sahaa-ee.
- O my mind, there, only the Naam, the Name of the Lord, shall be with you as your help and support.

ਜਹ ਮਹਾ ਭਇਆਨ ਦੂਤ ਜਮ ਦਲੈ ॥
जह महा भइआन दूत जम दलै ॥

jah mahaa bha-i-aan doot jam dalai.
Where the great and terrible Messenger of Death shall try to crush you,

ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
तह केवल नामु संगि तेरै चलै ॥
tah kayval naam sang tayrai chalai.
there, only the Naam shall go along with you.

ਜਹ ਮੁਸਕਲ ਹੋਵੈ ਅਤਿ ਭਾਰੀ ॥
जह मुसकल होवै अति भारी ॥
jah muskal hovai at bhaaree.
Where the obstacles are so very heavy,

ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥
हरि को नामु खिन माहि उधारी ॥
har ko naam khin maahi uDhaaree.
the Name of the Lord shall rescue you in an instant.

ਅਨਿਕ ਪੁਨਹਚਰਨ ਕਰਤ ਨਹੀ ਤਰੈ ॥
अनिक पुनहचरन करत नही तरै ॥
anik punahcharan karat nahee tarai.
By performing countless religious rituals, you shall not be saved.

ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥
हरि को नामु कोटि पाप परहरै ॥
har ko naam kot paap parharai.
The Name of the Lord washes off millions of sins.

ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥
गुरमुखि नामु जपहु मन मेरे ॥
gurmukh naam japahu man mayray.
As Gurmukh, chant the Naam, O my mind.

ਨਾਨਕ ਪਾਵਹੁ ਸੂਖ ਘਨੇਰੇ ॥੧॥
नानक पावहु सूख घनेरे ॥१॥
Nanak paavhu sookh ghanayray. ||1||
O Nanak, you shall obtain countless joys. ||1||

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥
सगल स्रिसटि को राजा दुखीआ ॥
sagal sarisat ko raajaa dukhee-aa.
The rulers of the all the world are unhappy;

ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥
हरि का नामु जपत होइ सुखीआ ॥
har kaa naam japat ho-ay sukhee-aa.
one who chants the Name of the Lord becomes happy.

ਲਾਖ ਕਰੋਰੀ ਬੰਧੁਨ ਪਰੈ ॥
लाख करोरी बंधुन परै ॥
laakh karoree banDhann parai.
Acquiring hundreds of thousands and millions, your desires shall not be contained.

ਹਰਿ ਕਾ ਨਾਮੁ ਜਪਤ ਨਿਸਤਰੈ ॥
हरि का नामु जपत निसतरै ॥
har kaa naam japat nistarai.
Chanting the Name of the Lord, you shall find release.

ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥
अनिक माइआ रंग तिख न बुझावै ॥
anik maa-i-aa rang tikh na bujhaavai.
By the countless pleasures of Maya, your thirst shall not be quenched.

ਹਰਿ ਕਾ ਨਾਮੁ ਜਪਤ ਆਘਾਵੈ ॥
हरि का नामु जपत आघावै ॥
har kaa naam japat aaghaavai.
Chanting the Name of the Lord, you shall be satisfied.

ਜਿਹ ਮਾਰਗਿ ਇਹੁ ਜਾਤ ਇਕੇਲਾ ॥
जिह मारगि इहु जात इकेला ॥
jih maarag ih jaat ikaylaa.
Upon that path where you must go all alone,

ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥
तह हरि नामु संगि होत सुहेला ॥
tah har naam sang hot suhaylaa.
there, only the Lord's Name shall go with you to sustain you.

ਐਸਾ ਨਾਮੁ ਮਨ ਸਦਾ ਧਿਆਈਐ ॥
ऐसा नामु मन सदा धिआईऐ ॥
aisaa naam man sadaa Dhi-aa-ee-ai.
On such a Name, O my mind, meditate forever.

ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥
नानक गुरमुखि परम गति पाईऐ ॥२॥
Nanak gurmukh param gat paa-ee-ai. ||2||
O Nanak, as Gurmukh, you shall obtain the state of supreme dignity. ||2||

ਛੂਟਤ ਨਹੀ ਕੋਟਿ ਲਖ ਬਾਹੀ ॥
छूटत नही कोटि लख बाही ॥
chhootat nahee kot lakh baahee.
You shall not be saved by hundreds of thousands and millions of helping hands.

ਨਾਮੁ ਜਪਤ ਤਹ ਪਾਰਿ ਪਰਾਹੀ ॥
नामु जपत तह पारि पराही ॥
naam japat tah paar paraahee.
Chanting the Naam, you shall be lifted up and carried across.

ਅਨਿਕ ਬਿਘਨ ਜਹ ਆਇ ਸੰਘਾਰੈ ॥
अनिक बिघन जह आइ संघारै ॥
anik bighan jah aa-ay sanghaarai.
Where countless misfortunes threaten to destroy you,

ਹਰਿ ਕਾ ਨਾਮੁ ਤਤਕਾਲ ਉਧਾਰੈ ॥
हरि का नामु ततकाल उधारै ॥
har kaa naam tatkaal uDhaarai.
the Name of the Lord shall rescue you in an instant.

ਅਨਿਕ ਜੋਨਿ ਜਨਮੈ ਮਰਿ ਜਾਮ ॥

अनिक जोनि जनमै मरि जाम ॥

anik jon janmai mar jaam.

Through countless incarnations, people are born and die.

ਨਾਮੁ ਜਪਤ ਪਾਵੈ ਬਿਸ੍ਰਾਮ ॥

नामु जपत पावै बिस्राम ॥

naam japat paavai bisraam.

Chanting the Name of the Lord, you shall come to rest in peace.

ਹਉ ਮੈਲਾ ਮਲੁ ਕਬਹੁ ਨ ਧੋਵੈ ॥

हउ मैला मलु कबहु न धोवै ॥

ha-o mailaa mal kabahu na Dhovai.

The ego is polluted by a filth which can never be washed off.

ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥

हरि का नामु कोटि पाप खोवै ॥

har kaa naam kot paap khovai.

The Name of the Lord erases millions of sins.

ਐਸਾ ਨਾਮੁ ਜਪਹੁ ਮਨ ਰੰਗਿ ॥

ऐसा नामु जपहु मन रंगि ॥

aisaa naam japahu man rang.

Chant such a Name with love, O my mind.

ਨਾਨਕ ਪਾਈਐ ਸਾਧ ਕੈ ਸੰਗਿ ॥੩॥

नानक पाईऐ साध कै संगि ॥३॥

Nanak paa-ee-ai saaDh kai sang. ||3||

O Nanak, it is obtained in the Company of the Holy. ||3||

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥

जिह मारग के गने जाहि न कोसा ॥

jih maarag kay ganay jaahi na kosaa.

On that path where the miles cannot be counted,

ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥

हरि का नामु ऊहा संगि तोसा ॥

har kaa naam oohaa sang tosaa.

there, the Name of the Lord shall be your sustenance.

ਜਿਹ ਪੈਡੈ ਮਹਾ ਅੰਧ ਗੁਬਾਰਾ ॥
जिह पैडै महा अंध गुबारा ॥
jih paidai mahaa anDh gubaaraa.
On that journey of total, pitch-black darkness,

ਹਰਿ ਕਾ ਨਾਮੁ ਸੰਗਿ ਉਜੀਆਰਾ ॥
हरि का नामु संगि उजीआरा ॥
har kaa naam sang ujee-aaraa.
the Name of the Lord shall be the Light with you.

ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥
जहा पंथि तेरा को न सिञानू ॥
jahaa panth tayraa ko na sinjaanoo.
On that journey where no one knows you,

ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥
हरि का नामु तह नालि पछानू ॥
har kaa naam tah naal pachhaanoo.
with the Name of the Lord, you shall be recognized.

ਜਹ ਮਹਾ ਭਇਆਨ ਤਪਤਿ ਬਹੁ ਘਾਮ ॥
जह महा भइआन तपति बहु घाम ॥
jah mahaa bha-i-aan tapat baho ghaam.
Where there is awesome and terrible heat and blazing sunshine,

ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
तह हरि के नाम की तुम ऊपरि छाम ॥
tah har kay naam kee tum oopar chhaam.
there, the Name of the Lord will give you shade.

ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
जहा तृखा मन तुझु आकरखै ॥
jahaa tarikhaa man tujh aakrakhai.
Where thirst, O my mind, torments you to cry out,

ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥
तह नानक हरि हरि अम्रितु बरखै ॥४॥
tah Nanak har har amrit barkhai. ||4||
there, O Nanak, the Ambrosial Name, Har, Har, shall rain down upon you. ||4||

ਭਗਤ ਜਨਾ ਕੀ ਬਰਤਨਿ ਨਾਮੁ ॥
भगत जना की बरतनि नामु ॥
bhagat janaa kee bartan naam.
Unto the devotee, the Naam is an article of daily use.

ਸੰਤ ਜਨਾ ਕੈ ਮਨਿ ਬਿਸ੍ਰਾਮੁ ॥
संत जना कै मनि बिस्रामु ॥
sant janaa kai man bisraam.
The minds of the humble Saints are at peace.

ਹਰਿ ਕਾ ਨਾਮੁ ਦਾਸ ਕੀ ਓਟ ॥
हरि का नामु दास की ओट ॥
har kaa naam daas kee ot.
The Name of the Lord is the Support of His servants.

ਹਰਿ ਕੈ ਨਾਮਿ ਉਧਰੇ ਜਨ ਕੋਟਿ ॥
हरि कै नामि उधरे जन कोटि ॥
har kai naam uDhray jan kot.
By the Name of the Lord, millions have been saved.

ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥
हरि जसु करत संत दिनु राति ॥
har jas karat sant din raat.
The Saints chant the Praises of the Lord, day and night.

ਹਰਿ ਹਰਿ ਅਉਖਧੁ ਸਾਧ ਕਮਾਤਿ ॥
हरि हरि अउखधु साध कमाति ॥
har har a-ukhaDh saaDh kamaat.
Har, Har - the Lord's Name - the Holy use it as their healing medicine.

ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥

हरि जन कै हरि नामु निधानु ॥
har jan kai har naam ni<u>Dh</u>aan.
The Lord's Name is the treasure of the Lord's servant.

ਪਾਰਬ੍ਰਹਮਿ ਜਨ ਕੀਨੋ ਦਾਨ ॥
पारब्रहमि जन कीनो दान ॥
paarbarahm jan keeno <u>d</u>aan.
The Supreme Lord God has blessed His humble servant with this gift.

ਮਨ ਤਨ ਰੰਗਿ ਰਤੇ ਰੰਗ ਏਕੈ ॥
मन तन रंगि रते रंग एकै ॥
man <u>t</u>an rang ra<u>t</u>ay rang aykai.
Mind and body are imbued with ecstasy in the Love of the One Lord.

ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥
नानक जन कै बिरति बिबेकै ॥५॥
Nanak jan kai bira<u>t</u> bibaykai. ||5||
O Nanak, careful and discerning understanding is the way of the Lord's humble servant. ||5||

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥
हरि का नामु जन कउ मुकति जुगति ॥
har kaa naam jan ka-o muka<u>t</u> juga<u>t</u>.
The Name of the Lord is the path of liberation for His humble servants.

ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥
हरि कै नामि जन कउ तृपति भुगति ॥
har kai naam jan ka-o <u>t</u>aripa<u>t</u> <u>bh</u>uga<u>t</u>.
With the food of the Name of the Lord, His servants are satisfied.

ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥
हरि का नामु जन का रूप रंगु ॥
har kaa naam jan kaa roop rang.
The Name of the Lord is the beauty and delight of His servants.

ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥
हरि नामु जपत कब परै न भंगु ॥

har naam japat kab parai na bhang.
Chanting the Lord's Name, one is never blocked by obstacles.

ਹਰਿ ਕਾ ਨਾਮੁ ਜਨ ਕੀ ਵਡਿਆਈ ॥
हरि का नामु जन की वडिआई ॥
har kaa naam jan kee vadi-aa-ee.
The Name of the Lord is the glorious greatness of His servants.

ਹਰਿ ਕੈ ਨਾਮਿ ਜਨ ਸੋਭਾ ਪਾਈ ॥
हरि कै नामि जन सोभा पाई ॥
har kai naam jan sobhaa paa-ee.
Through the Name of the Lord, His servants obtain honor.

Page: 0265

ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥
हरि का नामु जन कउ भोग जोग ॥
har kaa naam jan ka-o bhog jog.
The Name of the Lord is the enjoyment and Yoga of His servants.

ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥
हरि नामु जपत कछु नाहि बिओगु ॥
har naam japat kachh naahi bi-og.
Chanting the Lord's Name, there is no separation from Him.

ਜਨੁ ਰਾਤਾ ਹਰਿ ਨਾਮ ਕੀ ਸੇਵਾ ॥
जनु राता हरि नाम की सेवा ॥
jan raataa har naam kee sayvaa.
His servants are imbued with the service of the Lord's Name.

ਨਾਨਕ ਪੂਜੈ ਹਰਿ ਹਰਿ ਦੇਵਾ ॥੬॥
नानक पूजै हरि हरि देवा ॥६॥
Nanak poojai har har dayvaa. ||6||
O Nanak, worship the Lord, the Lord Divine, Har, Har. ||6||

ਹਰਿ ਹਰਿ ਜਨ ਕੈ ਮਾਲੁ ਖਜੀਨਾ ॥

हरि हरि जन कै मालु खजीना ॥

har har jan kai maal khajeenaa.

The Lord's Name, Har, Har, is the treasure of wealth of His servants.

ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥

हरि धनु जन कउ आपि प्रभि दीना ॥

har Dhan jan ka-o aap parabh deenaa.

The treasure of the Lord has been bestowed on His servants by God Himself.

ਹਰਿ ਹਰਿ ਜਨ ਕੈ ਓਟ ਸਤਾਣੀ ॥

हरि हरि जन कै ओट सताणी ॥

har har jan kai ot sataanee.

The Lord, Har, Har is the All-powerful Protection of His servants.

ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥

हरि प्रतापि जन अवर न जाणी ॥

har partaap jan avar na jaanee.

His servants know no other than the Lord's Magnificence.

ਓਤਿ ਪੋਤਿ ਜਨ ਹਰਿ ਰਸਿ ਰਾਤੇ ॥

ओति पोति जन हरि रसि राते ॥

ot pot jan har ras raatay.

Through and through, His servants are imbued with the Lord's Love.

ਸੁੰਨ ਸਮਾਧਿ ਨਾਮ ਰਸ ਮਾਤੇ ॥

सुन्न समाधि नाम रस माते ॥

sunn samaaDh naam ras maatay.

In deepest Samaadhi, they are intoxicated with the essence of the Naam.

ਆਠ ਪਹਰ ਜਨੁ ਹਰਿ ਹਰਿ ਜਪੈ ॥

आठ पहर जनु हरि हरि जपै ॥

aath pahar jan har har japai.

Twenty-four hours a day, His servants chant Har, Har.

ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

हरि का भगतु प्रगट नही छपै ॥

har kaa bhagat pargat nahee chhapai.
The devotees of the Lord are known and respected; they do not hide in secrecy.

ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥
हरि की भगति मुकति बहु करे ॥
har kee bhagat mukat baho karay.
Through devotion to the Lord, many have been liberated.

ਨਾਨਕ ਜਨ ਸੰਗਿ ਕੇਤੇ ਤਰੇ ॥੭॥
नानक जन संगि केते तरे ॥७॥
Nanak jan sang kaytay taray. ||7||
O Nanak, along with His servants, many others are saved. ||7||

ਪਾਰਜਾਤੁ ਇਹੁ ਹਰਿ ਕੋ ਨਾਮ ॥
पारजातु इहु हरि को नाम ॥
paarjaat ih har ko naam.
This Elysian Tree of miraculous powers is the Name of the Lord.

ਕਾਮਧੇਨ ਹਰਿ ਹਰਿ ਗੁਣ ਗਾਮ ॥
कामधेन हरि हरि गुण गाम ॥
kaamDhayn har har gun gaam.
The Khaamadhayn, the cow of miraculous powers, is the singing of the Glory of the Lord's Name, Har, Har.

ਸਭ ਤੇ ਊਤਮ ਹਰਿ ਕੀ ਕਥਾ ॥
सभ ते ऊतम हरि की कथा ॥
sabh tay ootam har kee kathaa.
Highest of all is the Lord's Speech.

ਨਾਮੁ ਸੁਨਤ ਦਰਦ ਦੁਖ ਲਥਾ ॥
नामु सुनत दरद दुख लथा ॥
naam sunat darad dukh lathaa.
Hearing the Naam, pain and sorrow are removed.

ਨਾਮ ਕੀ ਮਹਿਮਾ ਸੰਤ ਰਿਦ ਵਸੈ ॥
नाम की महिमा संत रिद वसै ॥

naam kee mahimaa sant rid vasai.
The Glory of the Naam abides in the hearts of His Saints.

ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥
संत प्रतापि दुरतु सभु नसै ॥
sant partaap durat sabh nasai.
By the Saint's kind intervention, all guilt is dispelled.

ਸੰਤ ਕਾ ਸੰਗੁ ਵਡਭਾਗੀ ਪਾਈਐ ॥
संत का संगु वडभागी पाईऐ ॥
sant kaa sang vadbhaagee paa-ee-ai.
The Society of the Saints is obtained by great good fortune.

ਸੰਤ ਕੀ ਸੇਵਾ ਨਾਮੁ ਧਿਆਈਐ ॥
संत की सेवा नामु धिआईऐ ॥
sant kee sayvaa naam Dhi-aa-ee-ai.
Serving the Saint, one meditates on the Naam.

ਨਾਮ ਤੁਲਿ ਕਛੁ ਅਵਰੁ ਨ ਹੋਇ ॥
नाम तुलि कछु अवरु न होइ ॥
naam tul kachh avar na ho-ay.
There is nothing equal to the Naam.

ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥
नानक गुरमुखि नामु पावै जनु कोइ ॥८॥२॥
Nanak gurmukh naam paavai jan ko-ay. ||8||2||
O Nanak, rare are those, who, as Gurmukh, obtain the Naam. ||8||2||

ਸਲੋਕੁ ॥
सलोकु ॥
salok.
Shalok:

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
बहु सासत्र बहु सिमृती पेखे सर्ब ढढोलि ॥
baho saastar baho simritee paykhay sarab dhadhol.

The many Shaastras and the many Simritees - I have seen and searched through them all.

ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥
पूजसि नाही हरि हरे नानक नाम अमोल ॥१॥
poojas naahee har haray Nanak naam amol. ||1||
They are not equal to Har, Haray - O Nanak, the Lord's Invaluable Name. ||1||

ਅਸਟਪਦੀ ॥
असटपदी ॥
asatpadee.
Ashtapadee:

ਜਾਪ ਤਾਪ ਗਿਆਨ ਸਭਿ ਧਿਆਨ ॥
जाप ताप गिआन सभि धिआन ॥
jaap taap gi-aan sabh Dhi-aan.
Chanting, intense meditation, spiritual wisdom and all meditations;

ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
खट सासत्र सिमृति वखिआन ॥
khat saastar simrit vakhi-aan.
the six schools of philosophy and sermons on the scriptures;

ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
जोग अभिआस कर्म ध्रम किरिआ ॥
jog abhi-aas karam Dharam kiri-aa.
the practice of Yoga and righteous conduct;

ਸਗਲ ਤਿਆਗਿ ਬਨ ਮਧੇ ਫਿਰਿਆ ॥
सगल तिआगि बन मधे फिरिआ ॥
sagal ti-aag ban maDhay firi-aa.
the renunciation of everything and wandering around in the wilderness;

ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
अनिक प्रकार कीए बहु जतना ॥
anik parkaar kee-ay baho jatnaa.

the performance of all sorts of works;

ਪੁੰਨ ਦਾਨ ਹੋਮੇ ਬਹੁ ਰਤਨਾ ॥
पुन्न दान होमे बहु रतना ॥
punn daan homay baho ratnaa.
donations to charities and offerings of jewels to fire;

ਸਰੀਰੁ ਕਟਾਇ ਹੋਮੈ ਕਰਿ ਰਾਤੀ ॥
सरीरु कटाइ होमै करि राती ॥
sareer kataa-ay homai kar raatee.
cutting the body apart and making the pieces into ceremonial fire offerings;

ਵਰਤ ਨੇਮ ਕਰੈ ਬਹੁ ਭਾਤੀ ॥
वरत नेम करै बहु भाती ॥
varat naym karai baho bhaatee.
keeping fasts and making vows of all sorts

ਨਹੀ ਤੁਲਿ ਰਾਮ ਨਾਮ ਬੀਚਾਰ ॥
नही तुलि राम नाम बीचार ॥
nahee tul raam naam beechaar.
- none of these are equal to the contemplation of the Name of the Lord,

ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥
नानक गुरमुखि नामु जपीऐ इक बार ॥१॥
Nanak gurmukh naam japee-ai ik baar. ||1||
O Nanak, if, as Gurmukh, one chants the Naam, even once. ||1||

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥
नउ खंड प्रिथमी फिरै चिरु जीवै ॥
na-o khand parithmee firai chir jeevai.
You may roam over the nine continents of the world and live a very long life;

ਮਹਾ ਉਦਾਸੁ ਤਪੀਸਰੁ ਥੀਵੈ ॥
महा उदासु तपीसरु थीवै ॥
mahaa udaas tapeesar theevai.
you may become a great ascetic and a master of disciplined meditation

ਅਗਨਿ ਮਾਹਿ ਹੋਮਤ ਪਰਾਨ ॥
अगनि माहि होमत परान ॥
agan maahi homat paraan.
and burn yourself in fire;

ਕਨਿਕ ਅਸ੍ਵ ਹੈਵਰ ਭੂਮਿ ਦਾਨ ॥
कनिक अस्व हैवर भूमि दान ॥
kanik asav haivar bhoom daan.
you may give away gold, horses, elephants and land;

ਨਿਉਲੀ ਕਰਮ ਕਰੈ ਬਹੁ ਆਸਨ ॥
निउली कर्म करै बहु आसन ॥
ni-ulee karam karai baho aasan.
you may practice techniques of inner cleansing and all sorts of Yogic postures;

ਜੈਨ ਮਾਰਗ ਸੰਜਮ ਅਤਿ ਸਾਧਨ ॥
जैन मारग संजम अति साधन ॥
jain maarag sanjam at saaDhan.
you may adopt the self-mortifying ways of the Jains and great spiritual disciplines;

ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥
निमख निमख करि सरीरु कटावै ॥
nimakh nimakh kar sareer kataavai.
piece by piece, you may cut your body apart;

ਤਉ ਭੀ ਹਉਮੈ ਮੈਲੁ ਨ ਜਾਵੈ ॥
तउ भी हउमै मैलु न जावै ॥
ta-o bhee ha-umai mail na jaavai.
but even so, the filth of your ego shall not depart.

ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥
हरि के नाम समसरि कछु नाहि ॥
har kay naam samsar kachh naahi.
There is nothing equal to the Name of the Lord.

ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥
नानक गुरमुखि नामु जपत गति पाहि ॥२॥
Nanak gurmukh naam japat gat paahi. ||2||
O Nanak, as Gurmukh, chant the Naam, and obtain salvation. ||2||

ਮਨ ਕਾਮਨਾ ਤੀਰਥ ਦੇਹ ਛੁਟੈ ॥
मन कामना तीर्थ देह छुटै ॥
man kaamnaa tirath dayh chhutai.
With your mind filled with desire, you may give up your body at a sacred shrine of pilgrimage;

ਗਰਬੁ ਗੁਮਾਨੁ ਨ ਮਨ ਤੇ ਹੁਟੈ ॥
गरबु गुमानु न मन ते हुटै ॥
garab gumaan na man tay hutai.
but even so, egotistical pride shall not be removed from your mind.

ਸੋਚ ਕਰੈ ਦਿਨਸੁ ਅਰੁ ਰਾਤਿ ॥
सोच करै दिनसु अरु राति ॥
soch karai dinas ar raat.
You may practice cleansing day and night,

ਮਨ ਕੀ ਮੈਲੁ ਨ ਤਨ ਤੇ ਜਾਤਿ ॥
मन की मैलु न तन ते जाति ॥
man kee mail na tan tay jaat.
but the filth of your mind shall not leave your body.

ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
इसु देही कउ बहु साधना करै ॥
is dayhee ka-o baho saaDhnaa karai.
You may subject your body to all sorts of disciplines,

ਮਨ ਤੇ ਕਬਹੂ ਨ ਬਿਖਿਆ ਟਰੈ ॥
मन ते कबहू न बिखिआ टरै ॥
man tay kabhoo na bikhi-aa tarai.
but your mind will never be rid of its corruption.

ਜਲਿ ਧੋਵੈ ਬਹੁ ਦੇਹ ਅਨੀਤਿ ॥
जलि धोवै बहु देह अनीति ॥
jal Dhovai baho dayh aneet.
You may wash this transitory body with loads of water,

ਸੁਧ ਕਹਾ ਹੋਇ ਕਾਚੀ ਭੀਤਿ ॥
सुध कहा होइ काची भीति ॥
suDh kahaa ho-ay kaachee bheet.
but how can a wall of mud be washed clean?

ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥
मन हरि के नाम की महिमा ऊच ॥
man har kay naam kee mahimaa ooch.
O my mind, the Glorious Praise of the Name of the Lord is the highest;

ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥
नानक नामि उधरे पतित बहु मूच ॥३॥
Nanak naam uDhray patit baho mooch. ||3||
O Nanak, the Naam has saved so many of the worst sinners. ||3||

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥
बहुतु सिआणप जम का भउ बिआपै ॥
bahut si-aanap jam kaa bha-o bi-aapai.
Even with great cleverness, the fear of death clings to you.

Page: 0266

ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥
अनिक जतन करि तृसन ना ध्रापै ॥
anik jatan kar tarisan naa Dharaapai.
You try all sorts of things, but your thirst is still not satisfied.

ਭੇਖ ਅਨੇਕ ਅਗਨਿ ਨਹੀ ਬੁਝੈ ॥
भेख अनेक अगनि नही बुझै ॥
bhaykh anayk agan nahee bujhai.
Wearing various religious robes, the fire is not extinguished.

ਕੋਟਿ ਉਪਾਵ ਦਰਗਹ ਨਹੀ ਸਿਝੈ ॥
कोटि उपाव दरगह नही सिझै ॥
kot upaav dargeh nahee sijhai.
Even making millions of efforts, you shall not be accepted in the Court of the Lord.

ਛੂਟਸਿ ਨਾਹੀ ਊਭ ਪਇਆਲਿ ॥
छूटसि नाही ऊभ पइआलि ॥
chhootas naahee oobh pa-i-aal.
You cannot escape to the heavens, or to the nether regions,

ਮੋਹਿ ਬਿਆਪਹਿ ਮਾਇਆ ਜਾਲਿ ॥
मोहि बिआपहि माइआ जालि ॥
mohi bi-aapahi maa-i-aa jaal.
if you are entangled in emotional attachment and the net of Maya.

ਅਵਰ ਕਰਤੂਤਿ ਸਗਲੀ ਜਮੁ ਡਾਨੈ ॥
अवर करतूति सगली जमु डानै ॥
avar kartoot saglee jam daanai.
All other efforts are punished by the Messenger of Death,

ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥
गोविंद भजन बिनु तिलु नही मानै ॥
govind bhajan bin til nahee maanai.
which accepts nothing at all, except meditation on the Lord of the Universe.

ਹਰਿ ਕਾ ਨਾਮੁ ਜਪਤ ਦੁਖੁ ਜਾਇ ॥
हरि का नामु जपत दुखु जाइ ॥
har kaa naam japat dukh jaa-ay.
Chanting the Name of the Lord, sorrow is dispelled.

ਨਾਨਕ ਬੋਲੈ ਸਹਜਿ ਸੁਭਾਇ ॥੪॥
नानक बोलै सहजि सुभाइ ॥४॥
Nanak bolai sahj subhaa-ay. ||4||
O Nanak, chant it with intuitive ease. ||4||

ਚਾਰਿ ਪਦਾਰਥ ਜੇ ਕੋ ਮਾਗੈ ॥
चारि पदार्थ जे को मागै ॥
chaar padaarath jay ko maagai.
One who prays for the four cardinal blessings

ਸਾਧ ਜਨਾ ਕੀ ਸੇਵਾ ਲਾਗੈ ॥
साध जना की सेवा लागै ॥
saaDh janaa kee sayvaa laagai.
should commit himself to the service of the Saints.

ਜੇ ਕੋ ਆਪੁਨਾ ਦੂਖੁ ਮਿਟਾਵੈ ॥
जे को आपुना दूखु मिटावै ॥
jay ko aapunaa dookh mitaavai.
If you wish to erase your sorrows,

ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
हरि हरि नामु रिदै सद गावै ॥
har har naam ridai sad gaavai.
sing the Name of the Lord, Har, Har, within your heart.

ਜੇ ਕੋ ਅਪੁਨੀ ਸੋਭਾ ਲੋਰੈ ॥
जे को अपुनी सोभा लोरै ॥
jay ko apunee sobhaa lorai.
If you long for honor for yourself,

ਸਾਧਸੰਗਿ ਇਹ ਹਉਮੈ ਛੋਰੈ ॥
साधसंगि इह हउमै छोरै ॥
saaDhsang ih ha-umai chhorai.
then renounce your ego in the Saadh Sangat, the Company of the Holy.

ਜੇ ਕੋ ਜਨਮ ਮਰਣ ਤੇ ਡਰੈ ॥
जे को जनम मरण ते डरै ॥
jay ko janam maran tay darai.
If you fear the cycle of birth and death,

ਸਾਧ ਜਨਾ ਕੀ ਸਰਨੀ ਪਰੈ ॥
साध जना की सरनी परै ॥

saaDh janaa kee sarnee parai.
then seek the Sanctuary of the Holy.

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
जिसु जन कउ प्रभ दरस पिआसा ॥
jis jan ka-o parabh daras pi-aasaa.
Those who thirst for the Blessed Vision of God's Darshan

ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥
नानक ता कै बलि बलि जासा ॥५॥
Nanak taa kai bal bal jaasaa. ||5||
- Nanak is a sacrifice, a sacrifice to them. ||5||

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥
सगल पुरख महि पुरखु प्रधानु ॥
sagal purakh meh purakh parDhaan.
Among all persons, the supreme person is the one

ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥
साधसंगि जा का मिटै अभिमानु ॥
saaDhsang jaa kaa mitai abhimaan.
who gives up his egotistical pride in the Company of the Holy.

ਆਪਸ ਕਉ ਜੋ ਜਾਣੈ ਨੀਚਾ ॥
आपस कउ जो जाणै नीचा ॥
aapas ka-o jo jaanai neechaa.
One who sees himself as lowly,

ਸੋਊ ਗਨੀਐ ਸਭ ਤੇ ਊਚਾ ॥
सोऊ गनीऐ सभ ते ऊचा ॥
so-oo ganee-ai sabh tay oochaa.
shall be accounted as the highest of all.

ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥
जा का मनु होइ सगल की रीना ॥
jaa kaa man ho-ay sagal kee reenaa.
One whose mind is the dust of all,

ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥
हरि हरि नामु तिनि घटि घटि चीना ॥
har har naam tin ghat ghat cheenaa.
recognizes the Name of the Lord, Har, Har, in each and every heart.

ਮਨ ਅਪੁਨੇ ਤੇ ਬੁਰਾ ਮਿਟਾਨਾ ॥
मन अपुने ते बुरा मिटाना ॥
man apunay tay buraa mitaanaa.
One who eradicates cruelty from within his own mind,

ਪੇਖੈ ਸਗਲ ਸ੍ਰਿਸਟਿ ਸਾਜਨਾ ॥
पेखै सगल सृसटि साजना ॥
paykhai sagal sarisat saajnaa.
looks upon all the world as his friend.

ਸੂਖ ਦੂਖ ਜਨ ਸਮ ਦ੍ਰਿਸਟੇਤਾ ॥
सूख दूख जन सम दृसटेता ॥
sookh dookh jan sam daristaytaa.
One who looks upon pleasure and pain as one and the same,

ਨਾਨਕ ਪਾਪ ਪੁੰਨ ਨਹੀ ਲੇਪਾ ॥੬॥
नानक पाप पुन्न नही लेपा ॥६॥
Nanak paap punn nahee laypaa. ||6||
O Nanak, is not affected by sin or virtue. ||6||

ਨਿਰਧਨ ਕਉ ਧਨੁ ਤੇਰੋ ਨਾਉ ॥
निर्धन कउ धनु तेरो नाउ ॥
nirDhan ka-o Dhan tayro naa-o.
To the poor, Your Name is wealth.

ਨਿਥਾਵੇ ਕਉ ਨਾਉ ਤੇਰਾ ਥਾਉ ॥
निथावे कउ नाउ तेरा थाउ ॥
nithaavay ka-o naa-o tayraa thaa-o.
To the homeless, Your Name is home.

ਨਿਮਾਣੇ ਕਉ ਪ੍ਰਭ ਤੇਰੋ ਮਾਣੁ ॥

निमाने कउ प्रभ तेरो मानु ॥

nimaanay ka-o parabh tayro maan.

To the dishonored, You, O God, are honor.

ਸਗਲ ਘਟਾ ਕਉ ਦੇਵਹੁ ਦਾਨੁ ॥

सगल घटा कउ देवहु दानु ॥

sagal ghataa ka-o dayvhu daan.

To all, You are the Giver of gifts.

ਕਰਨ ਕਰਾਵਨਹਾਰ ਸੁਆਮੀ ॥

करन करावनहार सुआमी ॥

karan karaavanhaar su-aamee.

O Creator Lord, Cause of causes, O Lord and Master,

ਸਗਲ ਘਟਾ ਕੇ ਅੰਤਰਜਾਮੀ ॥

सगल घटा के अंतरजामी ॥

sagal ghataa kay antarjaamee.

Inner-knower, Searcher of all hearts:

ਅਪਨੀ ਗਤਿ ਮਿਤਿ ਜਾਨਹੁ ਆਪੇ ॥

अपनी गति मिति जानहु आपे ॥

apnee gat mit jaanhu aapay.

You alone know Your own condition and state.

ਆਪਨ ਸੰਗਿ ਆਪਿ ਪ੍ਰਭ ਰਾਤੇ ॥

आपन संगि आपि प्रभ राते ॥

aapan sang aap parabh raatay.

You Yourself, God, are imbued with Yourself.

ਤੁਮ੍ਹਰੀ ਉਸਤਤਿ ਤੁਮ ਤੇ ਹੋਇ ॥

tay mukat bha-ay jin har naam Dhi-aa-i-aa tin pavit param pad paa-ay. ||1||
They alone become liberated, who meditate on the Name of the Lord; they obtain the supreme status. ||1||

ਮੇਰੇ ਰਾਮ ਹਰਿ ਜਨ ਆਰੋਗ ਭਏ ॥
मेरे राम हरि जन आरोग भए ॥
mayray raam har jan aarog bha-ay.
O my Lord, the Lord's humble servants become healthy.

ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥
गुर बचनी जिना जपिआ मेरा हरि हरि तिन के हउमै रोग गए ॥१॥ रहाउ ॥
gur bachnee jinaa japi-aa mayraa har har tin kay ha-umai rog ga-ay. ||1|| rahaa-o.
Those who meditate on my Lord, Har, Har, through the Word of the Guru's Teachings, are rid of the disease of ego. ||1||Pause||

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ब्रहमा बिसनु महादेउ त्रै गुण रोगी विचि हउमै कार कमाई ॥
barahmaa bisan mahaaday-o tarai gun rogee vich ha-umai kaar kamaa-ee.
Brahma, Vishnu and Shiva suffer from the disease of the three gunas - the three qualities; they do their deeds in egotism.

ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
जिनि कीए तिसहि न चेतहि बपुड़े हरि गुरमुखि सोझी पाई ॥२॥
jin kee-ay tiseh na cheeteh bapurhay har gurmukh sojhee paa-ee. ||2||
The poor fools do not remember the One who created them; this understanding of the Lord is only obtained by those who become Gurmukh. ||2||

ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥
हउमै रोगि सभु जगतु बिआपिआ तिन कउ जनम मरण दुखु भारी ॥
ha-umai rog sabh jagat bi-aapi-aa tin ka-o janam maran dukh bhaaree.
The entire world is afflicted by the disease of egotism. They suffer the terrible pains of birth and death.

ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥
गुर परसादी को विरला छूटै तिसु जन कउ हउ बलिहारी ॥३॥
gur parsaadee ko virlaa chhootai tis jan ka-o ha-o balihaaree. ||3||
By Guru's Grace, a few rare ones are saved; I am a sacrifice to those humble beings. ||3||

ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥
जिनि सिसटि साजी सोई हरि जाणै ता का रूपु अपारो ॥
jin sisat saajee so-ee har jaanai taa kaa roop apaaro.
The One who created the Universe, that Lord alone knows. His beauty is incomparable.

ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥
नानक आपे वेखि हरि बिगसै गुरमुखि ब्रह्म बीचारो ॥४॥३॥१४॥
Nanak aapay vaykh har bigsai gurmukh barahm beechaaro. ||4||3||14||
O Nanak, the Lord Himself gazes upon it, and is pleased. The Gurmukh contemplates God. ||4||3||14||

ਸੂਹੀ ਮਹਲਾ ੪ ॥
सूही महला ४ ॥
soohee mahalla 4.
Soohee, Fourth Mahalla

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥
कीता करणा सर्ब रजाई किछु कीचै जे करि सकीऐ ॥
keetaa karnaa sarab rajaa-ee kichh keechai jay kar sakee-ai.
All that happens, and all that will happen, is by His Will. If we could do something by ourselves, we would.

ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥
आपणा कीता किछू न होवै जिउ हरि भावै तिउ रखीऐ ॥१॥
aapnaa keetaa kichhoo na hovai ji-o har bhaavai ti-o rakhee-ai. ||1||
By ourselves, we cannot do anything at all. As it pleases the Lord, He preserves us. ||1||

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥
मेरे हरि जीउ सभु को तेरै वसि ॥
mayray har jee-o sabh ko tayrai vas.
O my Dear Lord, everything is in Your power.

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧॥ ਰਹਾਉ ॥
असा जोरु नाही जे किछु करि हम साकह जिउ भावै तिवै बखसि ॥१॥ रहाउ ॥
asaa jor naahee jay kichh kar ham saakah ji-o bhaavai tivai bakhas. ||1|| rahaa-o.
I have no power to do anything at all. As it pleases You, You forgive us. ||1||Pause||

ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥
सभु जीउ पिंडु दीआ तुधु आपे तुधु आपे कारै लाइआ ॥
sabh jee-o pind dee-aa tuDh aapay tuDh aapay kaarai laa-i-aa.
You Yourself bless us with soul, body and everything. You Yourself cause us to act.

ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥
जेहा तूं हुकमु करहि तेहे को कर्म कमावै जेहा तुधु धुरि लिखि पाइआ ॥२॥
jayhaa too^{N} hukam karahi tayhay ko karam kamaavai jayhaa tuDh Dhur likh paa-i-aa. ||2||
As You issue Your Commands, so do we act, according to our pre-ordained destiny. ||2||

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥
पंच ततु करि तुधु सृसटि सभ साजी कोई छेवा करिउ जे किछु कीता होवै ॥
panch tat kar tuDh sarisat sabh saajee ko-ee chhayvaa kari-o jay kichh keetaa hovai.
You created the entire Universe out of the five elements; if anyone can create a sixth, let him.

ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥
इकना सतिगुरु मेलि तूं बुझावहि इकि मनमुखि करहि सि रोवै ॥३॥
iknaa satgur mayl too^{N} bujhaaveh ik manmukh karahi se rovai. ||3||
You unite some with the True Guru, and cause them to understand, while others, the self-willed manmukhs, do their deeds and cry out in pain. ||3||

ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥
हरि की वडिआई हउ आखि न साका हउ मूरखु मुगधु नीचाणु ॥
har kee vadi-aa-ee ha-o aakh na saakaa ha-o moorakh mugaDh neechaan.
I cannot describe the glorious greatness of the Lord; I am foolish, thoughtless, idiotic and lowly.

ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥
जन नानक कउ हरि बखसि लै मेरे सुआमी सरणागति पइआ अजाणु ॥४॥४॥१५॥२४॥
jan Nanak ka-o har bakhas lai mayray su-aamee sarnaagat pa-i-aa ajaan. ||4||4||15||24||
Please, forgive servant Nanak, O my Lord and Master; I am ignorant, but I have entered Your Sanctuary. ||4||4||15||24||

ਰਾਗੁ ਸੂਹੀ ਮਹਲਾ ੫ ਘਰੁ ੧
रागु सूही महला ५ घरु १
raag soohee mahalla 5 ghar 1
Raag Soohee, Fifth Mahalla First House:

ੴ ਸਤਿਗੁਰ ਪ੍ਰਸਾਦਿ ॥
ੴ सतिगुर प्रसादि ॥
ik-oNkaar satgur parsaad.
One Universal Creator God. By The Grace Of The True Guru:

ਬਾਜੀਗਰਿ ਜੈਸੇ ਬਾਜੀ ਪਾਈ ॥
बाजीगरि जैसे बाजी पाई ॥
baajeegar jaisay baajee paa-ee.
The actor stages the play,

ਨਾਨਾ ਰੂਪ ਭੇਖ ਦਿਖਲਾਈ ॥
नाना रूप भेख दिखलाई ॥
naanaa roop bhaykh dikhlaa-ee.
playing the many characters in different costumes;

ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥
साँगु उतारि थंम्हिओ पासारा ॥
saaNg utaar thamiHa-o paasaaraa.

but when the play ends, he takes off the costumes,

ਤਬ ਏਕੋ ਏਕੰਕਾਰਾ ॥੧॥

तब एको एकंकारा ॥१॥

tab ayko aykankaaraa. ||1||

and then he is one, and only one. ||1||

ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥

कवन रूप द्रिसटिओ बिनसाइओ ॥

kavan roop daristi-o binsaa-i-o.

How many forms and images appeared and disappeared?

ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥

कतहि गइओ उहु कत ते आइओ ॥१॥ रहाउ ॥

kateh ga-i-o uho kat tay aa-i-o. ||1|| rahaa-o.

Where have they gone? Where did they come from? ||1||Pause||

ਜਲ ਤੇ ਊਠਹਿ ਅਨਿਕ ਤਰੰਗਾ ॥

जल ते ऊठहि अनिक तरंगा ॥

jal tay ootheh anik tarangaa.

Countless waves rise up from the water.

ਕਨਿਕ ਭੂਖਨ ਕੀਨੇ ਬਹੁ ਰੰਗਾ ॥

कनिक भूखन कीने बहु रंगा ॥

kanik bhookhan keenay baho rangaa.

Jewels and ornaments of many different forms are fashioned from gold.

ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥

बीजु बीजि देखिओ बहु परकारा ॥

beej beej daykhi-o baho parkaaraa.

I have seen seeds of all kinds being planted

ਫਲ ਪਾਕੇ ਤੇ ਏਕੰਕਾਰਾ ॥੨॥

फल पाके ते एकंकारा ॥२॥

fal paakay tay aykankaaraa. ||2||

- when the fruit ripens, the seeds appear in the same form as the original. ||2||

ਸਹਸ ਘਟਾ ਮਹਿ ਏਕੁ ਆਕਾਸੁ ॥
सहस घटा महि एकु आकासु ॥
sahas ghataa meh ayk aakaas.
The one sky is reflected in thousands of water jugs,

ਘਟ ਫੂਟੇ ਤੇ ਓਹੀ ਪ੍ਰਗਾਸੁ ॥
घट फूटे ते ओही प्रगासु ॥
ghat footay tay ohee pargaas.
but when the jugs are broken, only the sky remains.

ਭਰਮ ਲੋਭ ਮੋਹ ਮਾਇਆ ਵਿਕਾਰ ॥
भर्म लोभ मोह माइआ विकार ॥
bharam lobh moh maa-i-aa vikaar.
Doubt comes from greed, emotional attachment and the corruption of Maya.

ਭ੍ਰਮ ਛੂਟੇ ਤੇ ਏਕੰਕਾਰ ॥੩॥
भ्रम छूटे ते एकंकार ॥३॥
bharam chhootay tay aykankaar. ||3||
Freed from doubt, one realizes the One Lord alone. ||3||

ਓਹੁ ਅਬਿਨਾਸੀ ਬਿਨਸਤ ਨਾਹੀ ॥
ओहु अबिनासी बिनसत नाही ॥
oh abhinaasee binsat naahee.
He is imperishable; He will never pass away.

ਨਾ ਕੋ ਆਵੈ ਨਾ ਕੋ ਜਾਹੀ ॥
ना को आवै ना को जाही ॥
naa ko aavai naa ko jaahee.
He does not come, and He does not go.

ਗੁਰਿ ਪੂਰੈ ਹਉਮੈ ਮਲੁ ਧੋਈ ॥
गुरि पूरै हउमै मलु धोई ॥
gur poorai ha-umai mal Dho-ee.
The Perfect Guru has washed away the filth of ego.

ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥
कहु नानक मेरी परम गति होई ॥४॥१॥
kaho Nanak mayree param gat ho-ee. ||4||1||
Says Nanak, I have obtained the supreme status. ||4||1||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਕੀਤਾ ਲੋੜਹਿ ਸੋ ਪ੍ਰਭ ਹੋਇ ॥
कीता लोड़हि सो प्रभ होइ ॥
keetaa lorheh so parabh ho-ay.
Whatever God wills, that alone happens.

ਤੁਝ ਬਿਨੁ ਦੂਜਾ ਨਾਹੀ ਕੋਇ ॥
तुझ बिनु दूजा नाही कोइ ॥
tujh bin doojaa naahee ko-ay.
Without You, there is no other at all.

ਜੋ ਜਨੁ ਸੇਵੇ ਤਿਸੁ ਪੂਰਨ ਕਾਜ ॥
जो जनु सेवे तिसु पूरन काज ॥
jo jan sayvay tis pooran kaaj.
The humble being serves Him, and so all his works are perfectly successful.

ਦਾਸ ਅਪੁਨੇ ਕੀ ਰਾਖਹੁ ਲਾਜ ॥੧॥
दास अपुने की राखहु लाज ॥१॥
daas apunay kee raakho laaj. ||1||
O Lord, please preserve the honor of Your slaves. ||1||

ਤੇਰੀ ਸਰਣਿ ਪੂਰਨ ਦਇਆਲਾ ॥
तेरी सरणि पूरन दइआला ॥
tayree saran pooran da-i-aalaa.
I seek Your Sanctuary, O Perfect, Merciful Lord.

ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ ॥੧॥ ਰਹਾਉ ॥
तुझ बिनु कवनु करे प्रतिपाला ॥१॥ रहाउ ॥

tujh bin kavan karay partipaalaa. ||1|| rahaa-o.
Without You, who would cherish and love me? ||1||Pause||

ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥
जलि थलि महीअलि रहिआ भरपूरि ॥
jal thal mahee-al rahi-aa bharpoor.
He is permeating and pervading the water, the land and the sky.

ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥
निकटि वसै नाही प्रभु दूरि ॥
nikat vasai naahee parabh door.
God dwells near at hand; He is not far away.

ਲੋਕ ਪਤੀਆਰੈ ਕਛੂ ਨ ਪਾਈਐ ॥
लोक पतीआरै कछू न पाईऐ ॥
lok patee-aarai kachhoo na paa-ee-ai.
By trying to please other people, nothing is accomplished.

ਸਾਚਿ ਲਗੈ ਤਾ ਹਉਮੈ ਜਾਈਐ ॥੨॥
साचि लगै ता हउमै जाईऐ ॥२॥
saach lagai taa ha-umai jaa-ee-ai. ||2||
When someone is attached to the True Lord, his ego is taken away. ||2||

Page: 0737

ਜਿਸ ਨੋ ਲਾਇ ਲਏ ਸੋ ਲਾਗੈ ॥
जिस नो लाइ लए सो लागै ॥
jis no laa-ay la-ay so laagai.
He alone is attached, whom the Lord Himself attaches.

ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥
गिआन रतनु अंतरि तिसु जागै ॥
gi-aan ratan antar tis jaagai.
The jewel of spiritual wisdom is awakened deep within.

ਦੁਰਮਤਿ ਜਾਇ ਪਰਮ ਪਦੁ ਪਾਏ ॥

दुरमति जाइ परम पदु पाए ॥
durmat jaa-ay param pad paa-ay.
Evil-mindedness is eradicated, and the supreme status is attained.

ਗੁਰ ਪਰਸਾਦੀ ਨਾਮੁ ਧਿਆਏ ॥੩॥
गुर परसादी नामु धिआए ॥३॥
gur parsaadee naam Dhi-aa-ay. ||3||
By Guru's Grace, meditate on the Naam, the Name of the Lord. ||3||

ਦੁਇ ਕਰ ਜੋੜਿ ਕਰਉ ਅਰਦਾਸਿ ॥
दुइ कर जोड़ि करउ अरदासि ॥
du-ay kar jorh kara-o ardaas.
Pressing my palms together, I offer my prayer;

ਤੁਧੁ ਭਾਵੈ ਤਾ ਆਣਹਿ ਰਾਸਿ ॥
तुधु भावै ता आणहि रासि ॥
tuDh bhaavai taa aaneh raas.
if it pleases You, Lord, please bless me and fulfill me.

ਕਰਿ ਕਿਰਪਾ ਅਪਨੀ ਭਗਤੀ ਲਾਇ ॥
करि किरपा अपनी भगती लाइ ॥
kar kirpaa apnee bhagtee laa-ay.
Grant Your Mercy, Lord, and bless me with devotion.

ਜਨ ਨਾਨਕ ਪ੍ਰਭੁ ਸਦਾ ਧਿਆਇ ॥੪॥੨॥
जन नानक प्रभु सदा धिआइ ॥४॥२॥
jan Nanak parabh sadaa Dhi-aa-ay. ||4||2||
Servant Nanak meditates on God forever. ||4||2||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥
धनु सोहागनि जो प्रभू पछानै ॥
Dhan sohaagan jo parabhoo pachhaanai.

Blessed is that soul-bride, who realizes God.

ਮਾਨੈ ਹੁਕਮੁ ਤਜੈ ਅਭਿਮਾਨੈ ॥
मानै हुकमु तजै अभिमानै ॥
maanai hukam tajai abhimaanai.
She obeys the Hukam of His Order, and abandons her self-conceit.

ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥
पृअ सिउ राती रलीआ मानै ॥१॥
pari-a si-o raatee ralee-aa maanai. ||1||
Imbued with her Beloved, she celebrates in delight. ||1||

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥
सुनि सखीए प्रभ मिलण नीसानी ॥
sun sakhee-ay parabh milan neesaanee.
Listen, O my companions - these are the signs on the Path to meet God.

ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥
मनु तनु अरपि तजि लाज लोकानी ॥१॥ रहाउ ॥
man tan arap taj laaj lokaanee. ||1|| rahaa-o.
Dedicate your mind and body to Him; stop living to please others.
||1||Pause||

ਸਖੀ ਸਹੇਲੀ ਕਉ ਸਮਝਾਵੈ ॥
सखी सहेली कउ समझावै ॥
sakhee sahaylee ka-o samjhaavai.
One soul-bride counsels another,

ਸੋਈ ਕਮਾਵੈ ਜੋ ਪ੍ਰਭ ਭਾਵੈ ॥
सोई कमावै जो प्रभ भावै ॥
so-ee kamaavai jo parabh bhaavai.
to do only that which pleases God.

ਸਾ ਸੋਹਾਗਣਿ ਅੰਕਿ ਸਮਾਵੈ ॥੨॥
सा सोहागणि अंकि समावै ॥२॥
saa sohagan ank samaavai. ||2||
Such a soul-bride merges into the Being of God. ||2||

ਗਰਬਿ ਗਹੇਲੀ ਮਹਲੁ ਨ ਪਾਵੈ ॥
गरबि गहेली महलु न पावै ॥
garab gahaylee mahal na paavai.
One who is in the grip of pride does not obtain the Mansion of the Lord's Presence.

ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥
फिरि पछुतावै जब रैणि बिहावै ॥
fir pachhutaavai jab rain bihaavai.
She regrets and repents, when her life-night passes away.

ਕਰਮਹੀਣਿ ਮਨਮੁਖਿ ਦੁਖੁ ਪਾਵੈ ॥੩॥
करमहीणि मनमुखि दुखु पावै ॥३॥
karamheen manmukh dukh paavai. ||3||
The unfortunate self-willed manmukhs suffer in pain. ||3||

ਬਿਨਉ ਕਰੀ ਜੇ ਜਾਣਾ ਦੂਰਿ ॥
बिनउ करी जे जाणा दूरि ॥
bin-o karee jay jaanaa door.
I pray to God, but I think that He is far away.

ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥
प्रभु अबिनासी रहिआ भरपूरि ॥
parabh abhinaasee rahi-aa bharpoor.
God is imperishable and eternal; He is pervading and permeating everywhere.

ਜਨੁ ਨਾਨਕੁ ਗਾਵੈ ਦੇਖਿ ਹਦੂਰਿ ॥੪॥੩॥
जनु नानकु गावै देखि हदूरि ॥४॥३॥
jan Nanak gaavai daykh hadoor. ||4||3||
Servant Nanak sings of Him; I see Him Ever-present everywhere. ||4||3||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ॥
गृहु वसि गुरि कीना हउ घर की नारि ॥
garihu vas gur keenaa ha-o ghar kee naar.
The Giver has put this household of my being under my own control. I am now the mistress of the Lord's Home.

ਦਸ ਦਾਸੀ ਕਰਿ ਦੀਨੀ ਭਤਾਰਿ ॥
दस दासी करि दीनी भतारि ॥
das daasee kar deenee bhataar.
My Husband Lord has made the ten senses and organs of actions my slaves.

ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥
सगल समग्री मै घर की जोड़ी ॥
sagal samagree mai ghar kee jorhee.
I have gathered together all the faculties and facilities of this house.

ਆਸ ਪਿਆਸੀ ਪਿਰ ਕਉ ਲੋੜੀ ॥੧॥
आस पिआसी पिर कउ लोड़ी ॥१॥
aas pi-aasee pir ka-o lorhee. ||1||
I am thirsty with desire and longing for my Husband Lord. ||1||

ਕਵਨ ਕਹਾ ਗੁਨ ਕੰਤ ਪਿਆਰੇ ॥
कवन कहा गुन कंत पिआरे ॥
kavan kahaa gun kant pi-aaray.
What Glorious Virtues of my Beloved Husband Lord should I describe?

ਸੁਘੜ ਸਰੂਪ ਦਇਆਲ ਮੁਰਾਰੇ ॥੧॥ ਰਹਾਉ ॥
सुघड़ सरूप दइआल मुरारे ॥१॥ रहाउ ॥
sugharh saroop da-i-aal muraaray. ||1|| rahaa-o.
He is All-knowing, totally beautiful and merciful; He is the Destroyer of ego. ||1||Pause||

ਸਤੁ ਸੀਗਾਰੁ ਭਉ ਅੰਜਨੁ ਪਾਇਆ ॥
सतु सीगारु भउ अंजनु पाइआ ॥
sat seegaar bha-o anjan paa-i-aa.

I am adorned with Truth, and I have applied the mascara of the Fear of God to my eyes.

ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥
अमृत नामु तम्बोलु मुखि खाइआ ॥
amrit naam tambol mukh khaa-i-aa.
I have chewed the betel-leaf of the Ambrosial Naam, the Name of the Lord.

ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥
कंगन बसत्र गहने बने सुहावे ॥
kangan bastar gahnay banay suhaavay.
My bracelets, robes and ornaments beautifully adorn me.

ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥੨॥
धन सभ सुख पावै जाँ पिरु घरि आवै ॥२॥
Dhan sabh sukh paavai jaa^N pir ghar aavai. ||2||
The soul-bride becomes totally happy, when her Husband Lord comes to her home. ||2||

ਗੁਣ ਕਾਮਣ ਕਰਿ ਕੰਤੁ ਰੀਝਾਇਆ ॥
गुण कामण करि कंतु रीझाइआ ॥
gun kaaman kar kant reejhaa-i-aa.
By the charms of virtue, I have enticed and fascinated my Husband Lord.

ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥
वसि करि लीना गुरि भरमु चुकाइआ ॥
vas kar leenaa gur bharam chukaa-i-aa.
He is under my power - the Guru has dispelled my doubts.

ਸਭ ਤੇ ਊਚਾ ਮੰਦਰੁ ਮੇਰਾ ॥
सभ ते ऊचा मंदरु मेरा ॥
sabh tay oochaa mandar mayraa.
My mansion is lofty and elevated.

ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ॥੩॥
सभ कामणि तिआगी प्रिउ प्रीतमु मेरा ॥३॥
sabh kaaman ti-aagee pari-o pareetam mayraa. ||3||

Renouncing all other brides, my Beloved has become my lover. ||3||

ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥

प्रगटिआ सूरु जोति उजीआरा ॥

pargati-aa soor jot ujee-aaraa.

The sun has risen, and its light shines brightly.

ਸੇਜ ਵਿਛਾਈ ਸਰਧ ਅਪਾਰਾ ॥

सेज विछाई सरध अपारा ॥

sayj vichhaa-ee saraDh apaaraa.

I have prepared my bed with infinite care and faith.

ਨਵ ਰੰਗ ਲਾਲੁ ਸੇਜ ਰਾਵਣ ਆਇਆ ॥

नव रंग लालु सेज रावण आइआ ॥

nav rang laal sayj raavan aa-i-aa.

My Darling Beloved is new and fresh; He has come to my bed to enjoy me.

ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥

जन नानक पिर धन मिलि सुखु पाइआ ॥४॥४॥

jan Nanak pir Dhan mil sukh paa-i-aa. ||4||4||

O Servant Nanak, my Husband Lord has come; the soul-bride has found peace. ||4||4||

ਸੂਹੀ ਮਹਲਾ ੫ ॥

सूही महला ५ ॥

soohee mahalla 5.

Soohee, Fifth Mahalla

ਉਮਕਿਓ ਹੀਉ ਮਿਲਨ ਪ੍ਰਭ ਤਾਈ ॥

उमकिओ हीउ मिलन प्रभ ताई ॥

umki-o hee-o milan parabh taa-ee.

An intense yearning to meet God has welled up in my heart.

ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥

खोजत चरिओ देखउ प्रिअ जाई ॥

khojat chari-o daykh-a-u pari-a jaa-ee.

I have gone out searching to find my Beloved Husband Lord.

ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥
सुनत सदेसरो प्रिअ ग्रिहि सेज विछाई ॥
sunat sadaysro pari-a garihi sayj vichhaa-ee.
Hearing news of my Beloved, I have laid out my bed in my home.

ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥੧॥
भ्रमि भ्रमि आइओ तउ नदरि न पाई ॥१॥
bharam bharam aa-i-o ta-o nadar na paa-ee. ||1||
Wandering, wandering all around, I came, but I did not even see Him. ||1||

ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥
किन बिधि हीअरो धीरै निमानो ॥
kin biDh hee-aro Dheerai nimaano.
How can this poor heart be comforted?

ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥੧॥ ਰਹਾਉ ॥
मिलु साजन हउ तुझु कुरबानो ॥१॥ रहाउ ॥
mil saajan ha-o tujh kurbaano. ||1|| rahaa-o.
Come and meet me, O Friend; I am a sacrifice to You. ||1||Pause||

ਏਕਾ ਸੇਜ ਵਿਛੀ ਧਨ ਕੰਤਾ ॥
एका सेज विछी धन कंता ॥
aykaa sayj vichhee Dhan kantaa.
One bed is spread out for the bride and her Husband Lord.

ਧਨ ਸੂਤੀ ਪਿਰੁ ਸਦ ਜਾਗੰਤਾ ॥
धन सूती पिरु सद जागंता ॥
Dhan sootee pir sad jaagantaa.
The bride is asleep, while her Husband Lord is always awake.

ਪੀਓ ਮਦਰੋ ਧਨ ਮਤਵੰਤਾ ॥
पीओ मदरो धन मतवंता ॥
pee-o madro Dhan matvantaa.
The bride is intoxicated, as if she has drunk wine.

ਧਨ ਜਾਗੈ ਜੇ ਪਿਰੁ ਬੋਲੰਤਾ ॥੨॥

धन जागै जे पिरु बोलंता ॥२॥

Dhan jaagai jay pir bolantaa. ||2||

The soul-bride only awakens when her Husband Lord calls to her. ||2||

ਭਈ ਨਿਰਾਸੀ ਬਹੁਤੁ ਦਿਨ ਲਾਗੇ ॥

भई निरासी बहुतु दिन लागे ॥

bha-ee niraasee bahut din laagay.

She has lost hope - so many days have passed.

ਦੇਸ ਦਿਸੰਤਰ ਮੈ ਸਗਲੇ ਝਾਗੇ ॥

देस दिसंतर मै सगले झागे ॥

days disantar mai saglay jhaagay.

I have travelled through all the lands and the countries.

Page: 0738

ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥

खिनु रहनु न पावउ बिनु पग पागे ॥

khin rahan na paava-o bin pag paagay.

I cannot survive, even for an instant, without the feet of my Beloved.

ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥

होइ क्रिपालु प्रभ मिलह सभागे ॥३॥

ho-ay kirpaal parabh milah sabhaagay. ||3||

When God becomes Merciful, I become fortunate, and then I meet Him. ||3||

ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥

भइओ क्रिपालु सतसंगि मिलाइआ ॥

bha-i-o kirpaal satsang milaa-i-aa.

Becoming Merciful, He has united me with the Sat Sangat, the True Congregation.

ਬੂਝੀ ਤਪਤਿ ਘਰਹਿ ਪਿਰੁ ਪਾਇਆ ॥

बूझी तपति घरहि पिरु पाइआ ॥

boojhee tapat ghareh pir paa-i-aa.

The fire has been quenched, and I have found my Husband Lord within my own home.

ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥

सगल सीगार हुणि मुझहि सुहाइआ ॥

sagal seegaar hun mujheh suhaa-i-aa.

I am now adorned with all sorts of decorations.

ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥

कहु नानक गुरि भरमु चुकाइआ ॥४॥

kaho Nanak gur bharam chukaa-i-aa. ||4||

Says Nanak, the Guru has dispelled my doubt. ||4||

ਜਹ ਦੇਖਾ ਤਹ ਪਿਰੁ ਹੈ ਭਾਈ ॥

जह देखा तह पिरु है भाई ॥

jah daykhaa tah pir hai bhaa-ee.

Wherever I look, I see my Husband Lord there, O Siblings of Destiny.

ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥੫॥

खोल्हिओ कपाटु ता मनु ठहराई ॥१॥ रहाउ दूजा ॥५॥

khol^{H}i-o kapaat taa man thahraa-ee. ||1|| rahaa-o doojaa. ||5||

When the door is opened, then the mind is restrained. ||1||Second Pause||5||

ਸੂਹੀ ਮਹਲਾ ੫ ॥

सूही महला ५ ॥

soohee mahalla 5.

Soohee, Fifth Mahalla

ਕਿਆ ਗੁਣ ਤੇਰੇ ਸਾਰਿ ਸਮ੍ਹਾਲੀ ਮੋਹਿ ਨਿਰਗੁਨ ਕੇ ਦਾਤਾਰੇ ॥

किआ गुण तेरे सारि सम्हाली मोहि निरगुन के दातारे ॥

ki-aa gun tayray saar sam^{H}aalee mohi nirgun kay daataaray.

What virtues and excellences of Yours should I cherish and contemplate? I am worthless, while You are the Great Giver.

ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ ॥੧॥

बै खरीदु किआ करे चतुराई इहु जीउ पिंडु सभु थारे ॥१॥

bai khareed ki-aa karay chaturaa-ee ih jee-o pind sabh thaaray. ||1||
I am Your slave - what clever tricks could I ever try? This soul and body are totally Yours||1||

ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥੧॥ ਰਹਾਉ ॥
लाल रंगीले प्रीतम मनमोहन तेरे दरसन कउ हम बारे ॥१॥ रहाउ ॥
laal rangeelay pareetam manmohan tayray darsan ka-o ham baaray. ||1|| rahaa-o.
O my Darling, Blissful Beloved, who fascinates my mind - I am a sacrifice to the Blessed Vision of Your Darshan. ||1||Pause||

ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥
प्रभु दाता मोहि दीनु भेखारी तुम्ह सदा सदा उपकारे ॥
parabh daataa mohi deen bhaykhaaree tum[H] sadaa sadaa upkaaray.
O God, You are the Great Giver, and I am just a poor beggar; You are forever and ever benevolent.

ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥੨॥
सो किछु नाही जि मै ते होवै मेरे ठाकुर अगम अपारे ॥२॥
so kichh naahee je mai tay hovai mayray thaakur agam apaaray. ||2||
I cannot accomplish anything by myself, O my Unapproachable and Infinite Lord and Master. ||2||

ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥
किआ सेव कमावउ किआ कहि रीझावउ बिधि कितु पावउ दरसारे ॥
ki-aa sayv kamaava-o ki-aa kahi reejhaava-o biDh kit paava-o darsaaray.
What service can I perform? What should I say to please You? How can I gain the Blessed Vision of Your Darshan?

ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥੩॥
मिति नही पाईऐ अंतु न लहीऐ मनु तरसै चरनारे ॥३॥
mit nahee paa-ee-ai ant na lahee-ai man tarsai charnaaray. ||3||
Your extent cannot be found - Your limits cannot be found. My mind longs for Your Feet. ||3||

ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥
पावउ दानु ढीठु होइ मागउ मुखि लागै संत रेनारे ॥
paava-o daan dheeth ho-ay maaga-o mukh laagai sant raynaaray.

I beg with persistence to receive this gift, that the dust of the Saints might touch my face.

ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ ॥੪॥੬॥

जन नानक कउ गुरि किरपा धारी प्रभि हाथ देइ निसतारे ॥४॥६॥

jan Nanak ka-o gur kirpaa Dhaaree parabh haath day-ay nistaaray. ||4||6||

The Guru has showered His Mercy upon servant Nanak; reaching out with His Hand, God has delivered him. ||4||6||

ਸੂਹੀ ਮਹਲਾ ੫ ਘਰੁ ੩

सूही महला ५ घरु ३

soohee mahalla 5 ghar 3

Soohee, Fifth Mahalla Third House:

ੴ ਸਤਿਗੁਰ ਪ੍ਰਸਾਦਿ ॥

१ੴ सतिगुर प्रसादि ॥

ik-o[N]kaar satgur parsaad.

One Universal Creator God. By The Grace Of The True Guru:

ਸੇਵਾ ਥੋਰੀ ਮਾਗਨੁ ਬਹੁਤਾ ॥

सेवा थोरी मागनु बहुता ॥

sayvaa thoree maagan bahutaa.

His service is insignificant, but his demands are very great.

ਮਹਲੁ ਨ ਪਾਵੈ ਕਹਤੋ ਪਹੁਤਾ ॥੧॥

महलु न पावै कहतो पहुता ॥१॥

mahal na paavai kahto pahutaa. ||1||

He does not obtain the Mansion of the Lord's Presence, but he says that he has arrived there||1||

ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥

जो प्रिअ माने तिन की रीसा ॥

jo pari-a maanay tin kee reesaa.

He competes with those who have been accepted by the Beloved Lord.

ਕੂੜੇ ਮੂਰਖ ਕੀ ਹਾਠੀਸਾ ॥੧॥ ਰਹਾਉ ॥

कूड़े मूरख की हाठीसा ॥१॥ रहाउ ॥

koorhay moorakh kee haatheesaa. ||1|| rahaa-o.
This is how stubborn the false fool is! ||1||Pause||

ਭੇਖ ਦਿਖਾਵੈ ਸਚੁ ਨ ਕਮਾਵੈ ॥
भेख दिखावै सचु न कमावै ॥
bhaykh dikhaavai sach na kamaavai.
He wears religious robes, but he does not practice Truth.

ਕਹਤੋ ਮਹਲੀ ਨਿਕਟਿ ਨ ਆਵੈ ॥੨॥
कहतो महली निकटि न आवै ॥२॥
kahto mahlee nikat na aavai. ||2||
He says that he has found the Mansion of the Lord's Presence, but he cannot even get near it. ||2||

ਅਤੀਤੁ ਸਦਾਏ ਮਾਇਆ ਕਾ ਮਾਤਾ ॥
अतीतु सदाए माइआ का माता ॥
ateet sadaa-ay maa-i-aa kaa maataa.
He says that he is unattached, but he is intoxicated with Maya.

ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥੩॥
मनि नही प्रीति कहै मुखि राता ॥३॥
man nahee pareet kahai mukh raataa. ||3||
There is no love in his mind, and yet he says that he is imbued with the Lord. ||3||

ਕਹੁ ਨਾਨਕ ਪ੍ਰਭ ਬਿਨਉ ਸੁਨੀਜੈ ॥
कहु नानक प्रभ बिनउ सुनीजै ॥
kaho Nanak parabh bin-o suneejai.
Says Nanak, hear my prayer, God:

ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ ॥੪॥
कुचलु कठोरु कामी मुकतु कीजै ॥४॥
kuchal kathor kaamee mukat keejai. ||4||
I am silly, stubborn and filled with sexual desire - please, liberate me! ||4||

ਦਰਸਨ ਦੇਖੇ ਕੀ ਵਡਿਆਈ ॥
दरसन देखे की वडिआई ॥

darsan daykhay kee vadi-aa-ee.
I gaze upon the glorious greatness of the Blessed Vision of Your Darshan.

ਤੁਮ੍ਹ ਸੁਖਦਾਤੇ ਪੁਰਖ ਸੁਭਾਈ ॥੧॥ ਰਹਾਉ ਦੂਜਾ ॥੧॥੭॥
तुम्ह सुखदाते पुरख सुभाई ॥१॥ रहाउ दूजा ॥१॥७॥
tumH sukh-daatay purakh subhaa-ee. ||1|| rahaa-o doojaa. ||1||7||
You are the Giver of Peace, the Loving Primal Being. ||1||Second Pause||1||7||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਬੁਰੇ ਕਾਮ ਕਉ ਊਠਿ ਖਲੋਇਆ ॥
बुरे काम कउ ऊठि खलोइआ ॥
buray kaam ka-o ooth khalo-i-aa.
He gets up early, to do his evil deeds,

ਨਾਮ ਕੀ ਬੇਲਾ ਪੈ ਪੈ ਸੋਇਆ ॥੧॥
नाम की बेला पै पै सोइआ ॥१॥
naam kee baylaa pai pai so-i-aa. ||1||
but when it is time to meditate on the Naam, the Name of the Lord, then he sleeps. ||1||

ਅਉਸਰੁ ਅਪਨਾ ਬੂਝੈ ਨ ਇਆਨਾ ॥
अउसरु अपना बूझै न इआना ॥
a-osar apnaa boojhai na i-aanaa.
The ignorant person does not take advantage of the opportunity.

ਮਾਇਆ ਮੋਹ ਰੰਗਿ ਲਪਟਾਨਾ ॥੧॥ ਰਹਾਉ ॥
माइआ मोह रंगि लपटाना ॥१॥ रहाउ ॥
maa-i-aa moh rang laptaanaa. ||1|| rahaa-o.
He is attached to Maya, and engrossed in worldly delights. ||1||Pause||

ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ ॥
लोभ लहरि कउ बिगसि फूलि बैठा ॥

lobh lahar ka-o bigas fool baithaa.
He rides the waves of greed, puffed up with joy.

ਸਾਧ ਜਨਾ ਕਾ ਦਰਸੁ ਨ ਡੀਠਾ ॥੨॥
साध जना का दरसु न डीठा ॥२॥
saaDh janaa kaa daras na deethaa. ||2||
He does not see the Blessed Vision of the Darshan of the Holy. ||2||

ਕਬਹੂ ਨ ਸਮਝੈ ਅਗਿਆਨੁ ਗਵਾਰਾ ॥
कबहू न समझै अगिआनु गवारा ॥
kabhoo na samjhai agi-aan gavaaraa.
The ignorant clown will never understand.

ਬਹੁਰਿ ਬਹੁਰਿ ਲਪਟਿਓ ਜੰਜਾਰਾ ॥੧॥ ਰਹਾਉ ॥
बहुरि बहुरि लपटिओ जंजारा ॥१॥ रहाउ ॥
bahur bahur lapti-o janjaaraa. ||1|| rahaa-o.
Again and again, he becomes engrossed in entanglements. ||1||Pause||

ਬਿਖੈ ਨਾਦ ਕਰਨ ਸੁਣਿ ਭੀਨਾ ॥
बिखै नाद करन सुणि भीना ॥
bikhai naad karan sun bheenaa.
He listens to the sounds of sin and the music of corruption, and he is pleased.

ਹਰਿ ਜਸੁ ਸੁਨਤ ਆਲਸੁ ਮਨਿ ਕੀਨਾ ॥੩॥
हरि जसु सुनत आलसु मनि कीना ॥३॥
har jas sunat aalas man keenaa. ||3||
His mind is too lazy to listen to the Praises of the Lord. ||3||

ਦ੍ਰਿਸਟਿ ਨਾਹੀ ਰੇ ਪੇਖਤ ਅੰਧੇ ॥
दृसटि नाही रे पेखत अंधे ॥
darisat naahee ray paykhat anDhay.
You do not see with your eyes - you are so blind!

ਛੋਡਿ ਜਾਹਿ ਝੂਠੇ ਸਭਿ ਧੰਧੇ ॥੧॥ ਰਹਾਉ ॥
छोडि जाहि झूठे सभि धंधे ॥१॥ रहाउ ॥
chhod jaahi jhoothay sabh DhanDhay. ||1|| rahaa-o.

You shall have to leave all these false affairs. ||1||Pause||

ਕਹੁ ਨਾਨਕ ਪ੍ਰਭ ਬਖਸ ਕਰੀਜੈ ॥

कहु नानक प्रभ बखस करीजै ॥

kaho Nanak parabh bakhas kareejai.

Says Nanak, please forgive me, God.

ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ ॥੪॥

करि किरपा मोहि साधसंगु दीजै ॥४॥

kar kirpaa mohi saaDhsang deejai. ||4||

Have Mercy upon me, and bless me with the Saadh Sangat, the Company of the Holy. ||4||

ਤਉ ਕਿਛੁ ਪਾਈਐ ਜਉ ਹੋਈਐ ਰੇਨਾ ॥

तउ किछु पाईऐ जउ होईऐ रेना ॥

ta-o kichh paa-ee-ai ja-o ho-ee-ai raynaa.

He alone obtains something, who becomes the dust under the feet of all.

ਜਿਸਹਿ ਬੁਝਾਏ ਤਿਸੁ ਨਾਮੁ ਲੈਨਾ ॥੧॥ ਰਹਾਉ ॥੨॥੮॥

जिसहि बुझाए तिसु नामु लैना ॥१॥ रहाउ ॥२॥८॥

jisahi bujhaa-ay tis naam lainaa. ||1|| rahaa-o. ||2||8||

And he alone repeats the Naam, whom God causes to understand. ||1||Pause||2||8||

ਸੂਹੀ ਮਹਲਾ ੫ ॥

सूही महला ५ ॥

soohee mahalla 5.

Soohee, Fifth Mahalla

ਘਰ ਮਹਿ ਠਾਕੁਰੁ ਨਦਰਿ ਨ ਆਵੈ ॥

घर महि ठाकुरु नदरि न आवै ॥

ghar meh thaakur nadar na aavai.

Within the home of his own self, he does not even come to see his Lord and Master.

ਗਲ ਮਹਿ ਪਾਹਣੁ ਲੈ ਲਟਕਾਵੈ ॥੧॥
गल महि पाहणु लै लटकावै ॥१॥
gal meh paahan lai latkaavai. ||1||
And yet, around his neck, he hangs a stone god. ||1||

ਭਰਮੇ ਭੂਲਾ ਸਾਕਤੁ ਫਿਰਤਾ ॥
भरमे भूला साकतु फिरता ॥
bharmay bhoolaa saakat firtaa.
The faithless cynic wanders around, deluded by doubt.

ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥
नीरु बिरोलै खपि खपि मरता ॥१॥ रहाउ ॥
neer birolai khap khap martaa. ||1|| rahaa-o.
He churns water, and after wasting his life away, he dies. ||1||Pause||

ਜਿਸੁ ਪਾਹਣ ਕਉ ਠਾਕੁਰੁ ਕਹਤਾ ॥
जिसु पाहण कउ ठाकुरु कहता ॥
jis paahan ka-o thaakur kahtaa.
That stone, which he calls his god,

ਓਹੁ ਪਾਹਣੁ ਲੈ ਉਸ ਕਉ ਡੁਬਤਾ ॥੨॥
ओहु पाहणु लै उस कउ डुबता ॥२॥
oh paahan lai us ka-o dubtaa. ||2||
that stone pulls him down and drowns him. ||2||

ਗੁਨਹਗਾਰ ਲੂਣ ਹਰਾਮੀ ॥
गुनहगार लूण हरामी ॥
gunahgaar loon haraamee.
O sinner, you are untrue to your own self;

ਪਾਹਣ ਨਾਵ ਨ ਪਾਰਗਿਰਾਮੀ ॥੩॥
पाहण नाव न पारगिरामी ॥३॥
paahan naav na paargiramee. ||3||
a boat of stone will not carry you across. ||3||

ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥

गुर मिलि नानक ठाकुरु जाता ॥

gur mil Nanak thaakur jaataa.

Meeting the Guru, O Nanak, I know my Lord and Master.

ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥੪॥੩॥੯॥

जलि थलि महीअलि पूरन बिधाता ॥४॥३॥९॥

jal thal mahee-al pooran biDhaataa. ||4||3||9||

The Perfect Architect of Destiny is pervading and permeating the water, the land and the sky. ||4||3||9||

ਸੂਹੀ ਮਹਲਾ ੫ ॥

सूही महला ५ ॥

soohee mahalla 5.

Soohee, Fifth Mahalla

ਲਾਲਨੁ ਰਾਵਿਆ ਕਵਨ ਗਤੀ ਰੀ ॥

लालनु राविआ कवन गती री ॥

laalan raavi-aa kavan gatee ree.

How have you enjoyed your Dear Beloved?

ਸਖੀ ਬਤਾਵਹੁ ਮੁਝਹਿ ਮਤੀ ਰੀ ॥੧॥

सखी बतावहु मुझहि मती री ॥१॥

sakhee bataavhu mujheh matee ree. ||1||

O sister, please teach me, please show me. ||1||

ਸੂਹਬ ਸੂਹਬ ਸੂਹਵੀ ॥ ਅਪਨੇ ਪ੍ਰੀਤਮ ਕੈ ਰੰਗਿ ਰਤੀ ॥੧॥ ਰਹਾਉ ॥

सूहब सूहब सूहवी ॥ अपने प्रीतम कै रंगि रती ॥१॥ रहाउ ॥

soohab soohab soohvee. apnay pareetam kai rang ratee. ||1|| rahaa-o.

Crimson, crimson, crimson - this is the color of the soul-bride who is imbued with the Love of her Beloved. ||1||Pause||

ਪਾਵ ਮਲੋਵਉ ਸੰਗਿ ਨੈਨ ਭਤੀਰੀ ॥

पाव मलोवउ संगि नैन भतीरी ॥

paav malova-o sang nain bhateeree.

I wash Your Feet with my eye-lashes.

ਜਹਾ ਪਠਾਵਹੁ ਜਾਂਉ ਤਤੀ ਰੀ ॥੨॥

जहा पठावहु जाँउ तती री ॥२॥

jahaa pathaavhu jaa^{N}-o tatee ree. ||2||

Wherever You send me, there I will go. ||2||

ਜਪ ਤਪ ਸੰਜਮ ਦੇਉ ਜਤੀ ਰੀ ॥

जप तप संजम देउ जती री ॥

jap tap sanjam day-o jatee ree.

I would trade meditation, austerity, self-discipline and celibacy,

ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ ॥੩॥

इक निमख मिलावहु मोहि प्रानपती री ॥३॥

ik nimakh milaavhu mohi paraanpatee ree. ||3||

if I could only meet the Lord of my life, for even an instant. ||3||

ਮਾਣੁ ਤਾਣੁ ਅਹੰਬੁਧਿ ਹਤੀ ਰੀ ॥

माणु ताणु अहम्बुधि हती री ॥

maan taan aha^{N}-buDh hatee ree.

She who eradicates her self-conceit, power and arrogant intellect,

ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥

सा नानक सोहागवती री ॥४॥४॥१०॥

saa Nanak sohaagvatee ree. ||4||4||10||

O Nanak, is the true soul-bride. ||4||4||10||

ਸੂਹੀ ਮਹਲਾ ੫ ॥

सूही महला ५ ॥

soohee mahalla 5.

Soohee, Fifth Mahalla

ਤੂੰ ਜੀਵਨੁ ਤੂੰ ਪ੍ਰਾਨ ਅਧਾਰਾ ॥

तूं जीवनु तूं प्रान अधारा ॥

too^{N} jeevan too^{N} paraan aDhaaraa.

You are my Life, the very Support of my breath of life.

ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ ॥੧॥

तुझ ही पेखि पेखि मनु साधारा ॥१॥

tujh hee paykh paykh man saaDhaaraa. ||1||

Gazing upon You, beholding You, my mind is soothed and comforted. ||1||

ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ ॥
तूं साजनु तूं प्रीतमु मेरा ॥
tooN saajan tooN pareetam mayraa.
You are my Friend, You are my Beloved.

ਚਿਤਹਿ ਨ ਬਿਸਰਹਿ ਕਾਹੂ ਬੇਰਾ ॥੧॥ ਰਹਾਉ ॥
चितहि न बिसरहि काहू बेरा ॥१॥ रहाउ ॥
chiteh na bisrahi kaahoo bayraa. ||1|| rahaa-o.
I shall never forget You. ||1||Pause||

ਬੈ ਖਰੀਦੁ ਹਉ ਦਾਸਰੋ ਤੇਰਾ ॥
बै खरीदु हउ दासरो तेरा ॥
bai khareed ha-o daasro tayraa.
I am Your indentured servant; I am Your slave.

ਤੂੰ ਭਾਰੋ ਠਾਕੁਰੁ ਗੁਣੀ ਗਹੇਰਾ ॥੨॥
तूं भारो ठाकुरु गुणी गहेरा ॥२॥
tooN bhaaro thaakur gunee gahayraa. ||2||
You are my Great Lord and Master, the treasure of excellence. ||2||

ਕੋਟਿ ਦਾਸ ਜਾ ਕੈ ਦਰਬਾਰੇ ॥
कोटि दास जा कै दरबारे ॥
kot daas jaa kai darbaaray.
There are millions of servants in Your Court - Your Royal Darbaar.

ਨਿਮਖ ਨਿਮਖ ਵਸੈ ਤਿਨ੍ਹ ਨਾਲੇ ॥੩॥
निमख निमख वसै तिन्ह नाले ॥३॥
nimakh nimakh vasai tinH naalay. ||3||
Each and every instant, You dwell with them. ||3||

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥
हउ किछु नाही सभु किछु तेरा ॥
ha-o kichh naahee sabh kichh tayraa.
I am nothing; everything is Yours.

ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥੫॥੧੧॥
ओति पोति नानक संगि बसेरा ॥४॥५॥११॥
ot pot Nanak sang basayraa. ||4||5||11||
Through and through, You abide with Nanak. ||4||5||11||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਸੂਖ ਮਹਲ ਜਾ ਕੇ ਊਚ ਦੁਆਰੇ ॥
सूख महल जा के ऊच दुआरे ॥
sookh mahal jaa kay ooch du-aaray.
His Mansions are so comfortable, and His gates are so lofty.

ਤਾ ਮਹਿ ਵਾਸਹਿ ਭਗਤ ਪਿਆਰੇ ॥੧॥
ता महि वासहि भगत पिआरे ॥१॥
taa meh vaaseh bhagat pi-aaray. ||1||
Within them, His beloved devotees dwell. ||1||

ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
सहज कथा प्रभ की अति मीठी ॥
sahj kathaa parabh kee at meethee.
The Natural Speech of God is so very sweet.

ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ ਰਹਾਉ ॥
विरलै काहू नेत्रहु डीठी ॥१॥ रहाउ ॥
virlai kaahoo naytarahu deethee. ||1|| rahaa-o.
How rare is that person, who sees it with his eyes. ||1||Pause||

ਤਹ ਗੀਤ ਨਾਦ ਅਖਾਰੇ ਸੰਗਾ ॥
तह गीत नाद अखारे संगा ॥
tah geet naad akhaaray sangaa.
There, in the arena of the congregation, the divine music of the Naad, the sound current, is sung.

ਊਹਾ ਸੰਤ ਕਰਹਿ ਹਰਿ ਰੰਗਾ ॥੨॥

ऊहा संत करहि हरि रंगा ॥२॥

oohaa sant karahi har rangaa. ||2||

There, the Saints celebrate with their Lord. ||2||

ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥

तह मरणु न जीवणु सोगु न हरखा ॥

tah maran na jeevan sog na harkhaa.

Neither birth nor death is there, neither pain nor pleasure.

ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥

साच नाम की अमृत वरखा ॥३॥

saach naam kee amrit varkhaa. ||3||

The Ambrosial Nectar of the True Name rains down there. ||3||

ਗੁਹਜ ਕਥਾ ਇਹ ਗੁਰ ਤੇ ਜਾਣੀ ॥

गुहज कथा इह गुर ते जाणी ॥

guhaj kathaa ih gur tay jaanee.

From the Guru, I have come to know the mystery of this speech.

ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥

नानकु बोलै हरि हरि बाणी ॥४॥६॥१२॥

Nanak bolai har har banee. ||4||6||12||

Nanak speaks the Bani of the Lord, Har, Har. ||4||6||12||

ਸੂਹੀ ਮਹਲਾ ੫ ॥

सूही महला ५ ॥

soohee mahalla 5.

Soohee, Fifth Mahalla

ਜਾ ਕੈ ਦਰਸਿ ਪਾਪ ਕੋਟਿ ਉਤਾਰੇ ॥

जा कै दरसि पाप कोटि उतारे ॥

jaa kai daras paap kot utaaray.

By the Blessed Vision of their Darshan, millions of sins are erased.

ਭੇਟਤ ਸੰਗਿ ਇਹੁ ਭਵਜਲੁ ਤਾਰੇ ॥੧॥

भेटत संगि इहु भवजलु तारे ॥१॥

bhaytat sang ih bhavjal taaray. ||1||

Meeting with them, this terrifying world-ocean is crossed over||1||

ਓਇ ਸਾਜਨ ਓਇ ਮੀਤ ਪਿਆਰੇ ॥
ओइ साजन ओइ मीत पिआरे ॥
o-ay saajan o-ay meet pi-aaray.
They are my companions, and they are my dear friends,

ਜੋ ਹਮ ਕਉ ਹਰਿ ਨਾਮੁ ਚਿਤਾਰੇ ॥੧॥ ਰਹਾਉ ॥
जो हम कउ हरि नामु चितारे ॥१॥ रहाउ ॥
jo ham ka-o har naam chitaaray. ||1|| rahaa-o.
who inspire me to remember the Lord's Name. ||1||Pause||

ਜਾ ਕਾ ਸਬਦੁ ਸੁਨਤ ਸੁਖ ਸਾਰੇ ॥
जा का सबदु सुनत सुख सारे ॥
jaa kaa sabad sunat sukh saaray.
Hearing the Word of His Shabad, I am totally at peace.

ਜਾ ਕੀ ਟਹਲ ਜਮਦੂਤ ਬਿਦਾਰੇ ॥੨॥
जा की टहल जमदूत बिदारे ॥२॥
jaa kee tahal jamdoot bidaaray. ||2||
When I serve Him, the Messenger of Death is chased away. ||2||

ਜਾ ਕੀ ਧੀਰਕ ਇਸੁ ਮਨਹਿ ਸਧਾਰੇ ॥
जा की धीरक इसु मनहि सधारे ॥
jaa kee Dheerak is maneh saDhaaray.
His comfort and consolation soothes and supports my mind.

ਜਾ ਕੈ ਸਿਮਰਣਿ ਮੁਖ ਉਜਲਾਰੇ ॥੩॥
जा कै सिमरणि मुख उजलारे ॥३॥
jaa kai simran mukh ujlaaray. ||3||
Remembering Him in meditation, my face is radiant and bright. ||3||

ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ ॥
प्रभ के सेवक प्रभि आपि सवारे ॥
parabh kay sayvak parabh aap savaaray.
God embellishes and supports His servants.

ਸਰਣਿ ਨਾਨਕ ਤਿਨ੍ ਸਦ ਬਲਿਹਾਰੇ ॥੪॥੭॥੧੩॥
सरणि नानक तिन्ह सद बलिहारे ॥४॥७॥१३॥
saran Nanak tin[H] sad balihaaray. ||4||7||13||
Nanak seeks the Protection of their Sanctuary; he is forever a sacrifice to them. ||4||7||13||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥
रहणु न पावहि सुरि नर देवा ॥
rahan na paavahi sur nar dayvaa.
The angelic beings and demi-gods are not permitted to remain here.

ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥
ऊठि सिधारे करि मुनि जन सेवा ॥१॥
ooth siDhaaray kar mun jan sayvaa. ||1||
The silent sages and humble servants also must arise and depart. ||1||

ਜੀਵਤ ਪੇਖੇ ਜਿਨ੍ੀ ਹਰਿ ਹਰਿ ਧਿਆਇਆ ॥
जीवत पेखे जिन्ही हरि हरि धिआइआ ॥
jeevat paykhay jin[H]ee har har Dhi-aa-i-aa.
Only those who meditate on the Lord, Har, Har, are seen to live on.

ਸਾਧਸੰਗਿ ਤਿਨ੍ੀ ਦਰਸਨੁ ਪਾਇਆ ॥੧॥ ਰਹਾਉ ॥
साधसंगि तिन्ही दरसनु पाइआ ॥१॥ रहाउ ॥
saaDhsang tin[H]ee darsan paa-i-aa. ||1|| rahaa-o.
In the Saadh Sangat, the Company of the Holy, they obtain the Blessed Vision of the Lord's Darshan. ||1||Pause||

ਬਾਦਿਸਾਹ ਸਾਹ ਵਾਪਾਰੀ ਮਰਨਾ ॥
बादिसाह साह वापारी मरना ॥

baadisaah saah vaapaaree marnaa.
Kings, emperors and merchants must die.

ਜੋ ਦੀਸੈ ਸੋ ਕਾਲਹਿ ਖਰਨਾ ॥੨॥
जो दीसै सो कालहि खरना ॥२॥
jo deesai so kaaleh kharnaa. ||2||
Whoever is seen shall be consumed by death. ||2||

ਕੂੜੈ ਮੋਹਿ ਲਪਟਿ ਲਪਟਾਨਾ ॥
कूड़ै मोहि लपटि लपटाना ॥
koorhai mohi lapat laptaanaa.
Mortal beings are entangled, clinging to false worldly attachments.

ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥੩॥
छोडि चलिआ ता फिरि पछुताना ॥३॥
chhod chali-aa taa fir pachhutaanaa. ||3||
And when they must leave them behind, then they regret and grieve. ||3||

ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥
कृपा निधान नानक कउ करहु दाति ॥
kirpaa niDhaan Nanak ka-o karahu daat.
O Lord, O treasure of mercy, please bless Nanak with this gift,

ਨਾਮੁ ਤੇਰਾ ਜਪੀ ਦਿਨੁ ਰਾਤਿ ॥੪॥੮॥੧੪॥
नामु तेरा जपी दिनु राति ॥४॥८॥१४॥
naam tayraa japee din raat. ||4||8||14||
that he may chant Your Name, day and night. ||4||8||14||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਘਟ ਘਟ ਅੰਤਰਿ ਤੁਮਹਿ ਬਸਾਰੇ ॥
घट घट अंतरि तुमहि बसारे ॥
ghat ghat antar tumeh basaaray.
You dwell deep within the heart of each and every being.

ਸਗਲ ਸਮਗ੍ਰੀ ਸੂਤਿ ਤੁਮਾਰੇ ॥੧॥
सगल समग्री सूति तुमारे ॥१॥
sagal samagree soot tumaaray. ||1||
The entire universe is strung on Your Thread. ||1||

ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ ॥
तूं प्रीतम तूं प्रान अधारे ॥
too^{N} pareetam too^{N} paraan aDhaaray.
You are my Beloved, the Support of my breath of life.

ਤੁਮ ਹੀ ਪੇਖਿ ਪੇਖਿ ਮਨੁ ਬਿਗਸਾਰੇ ॥੧॥ ਰਹਾਉ ॥
तुम ही पेखि पेखि मनु बिगसारे ॥१॥ रहाउ ॥
tum hee paykh paykh man bigsaaray. ||1|| rahaa-o.
Beholding You, gazing upon You, my mind blossoms forth. ||1||Pause||

ਅਨਿਕ ਜੋਨਿ ਭ੍ਰਮਿ ਭ੍ਰਮਿ ਭ੍ਰਮਿ ਹਾਰੇ ॥
अनिक जोनि भ्रमि भ्रमि भ्रमि हारे ॥
anik jon bharam bharam bharam haaray.
Wandering, wandering, wandering through countless incarnations, I have grown so weary.

ਓਟ ਗਹੀ ਅਬ ਸਾਧ ਸੰਗਾਰੇ ॥੨॥
ओट गही अब साध संगारे ॥२॥
ot gahee ab saaDh sangaaray. ||2||
Now, I hold tight to the Saadh Sangat, the Company of the Holy. ||2||

ਅਗਮ ਅਗੋਚਰੁ ਅਲਖ ਅਪਾਰੇ ॥
अगम अगोचरु अलख अपारे ॥
agam agochar alakh apaaray.
You are inaccessible, incomprehensible, invisible and infinite.

ਨਾਨਕੁ ਸਿਮਰੈ ਦਿਨੁ ਰੈਨਾਰੇ ॥੩॥੯॥੧੫॥
नानकु सिमरै दिनु रैनारे ॥३॥९॥१५॥
Nanak simrai din rainaaray. ||3||9||15||
Nanak remembers You in meditation, day and night. ||3||9||15||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਕਵਨ ਕਾਜ ਮਾਇਆ ਵਡਿਆਈ ॥
कवन काज माइआ वडिआई ॥
kavan kaaj maa-i-aa vadi-aa-ee.
What is the use of the glory of Maya?

ਜਾ ਕਉ ਬਿਨਸਤ ਬਾਰ ਨ ਕਾਈ ॥੧॥
जा कउ बिनसत बार न काई ॥१॥
jaa ka-o binsat baar na kaa-ee. ||1||
It disappears in no time at all. ||1||

ਇਹੁ ਸੁਪਨਾ ਸੋਵਤ ਨਹੀ ਜਾਨੈ ॥
इहु सुपना सोवत नही जानै ॥
ih supnaa sovat nahee jaanai.
This is a dream, but the sleeper does not know it.

ਅਚੇਤ ਬਿਵਸਥਾ ਮਹਿ ਲਪਟਾਨੈ ॥੧॥ ਰਹਾਉ ॥
अचेत बिवसथा महि लपटानै ॥१॥ रहाउ ॥
achayt bivasthaa meh laptaanai. ||1|| rahaa-o.
In his unconscious state, he clings to it. ||1||Pause||

ਮਹਾ ਮੋਹਿ ਮੋਹਿਓ ਗਾਵਾਰਾ ॥
महा मोहि मोहिओ गावारा ॥
mahaa mohi mohi-o gaavaaraa.
The poor fool is enticed by the great attachments of the world.

ਪੇਖਤ ਪੇਖਤ ਊਠਿ ਸਿਧਾਰਾ ॥੨॥
पेखत पेखत ऊठि सिधारा ॥२॥
paykhat paykhat ooth siDhaaraa. ||2||
Gazing upon them, watching them, he must still arise and depart. ||2||

ਊਚ ਤੇ ਊਚ ਤਾ ਕਾ ਦਰਬਾਰਾ ॥
ऊच ते ऊच ता का दरबारा ॥

ooch tay ooch taa kaa darbaaraa.
The Royal Court of His Darbaar is the highest of the high.

ਕਈ ਜੰਤ ਬਿਨਾਹਿ ਉਪਾਰਾ ॥੩॥
कई जंत बिनाहि उपारा ॥३॥
ka-ee jant binaahi upaaraa. ||3||
He creates and destroys countless beings. ||3||

ਦੂਸਰ ਹੋਆ ਨਾ ਕੋ ਹੋਈ ॥
दूसर होआ ना को होई ॥
doosar ho-aa naa ko ho-ee.
There has never been any other, and there shall never be.

ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦॥੧੬॥
जपि नानक प्रभ एको सोई ॥४॥१०॥१६॥
jap Nanak parabh ayko so-ee. ||4||10||16||
O Nanak, meditate on the One God. ||4||10||16||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥
सिमरि सिमरि ता कउ हउ जीवा ॥
simar simar taa ka-o ha-o jeevaa.
Meditating, meditating in remembrance on Him, I live.

ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥੧॥
चरण कमल तेरे धोइ धोइ पीवा ॥१॥
charan kamal tayray Dho-ay Dho-ay peevaa. ||1||
I wash Your Lotus Feet, and drink in the wash water. ||1||

ਸੋ ਹਰਿ ਮੇਰਾ ਅੰਤਰਜਾਮੀ ॥
सो हरि मेरा अंतरजामी ॥
so har mayraa antarjaamee.
He is my Lord, the Inner-knower, the Searcher of hearts.

ਭਗਤ ਜਨਾ ਕੈ ਸੰਗਿ ਸੁਆਮੀ ॥੧॥ ਰਹਾਉ ॥
भगत जना कै संगि सुआमी ॥१॥ रहाउ ॥
bhagat janaa kai sang su-aamee. ||1|| rahaa-o.
My Lord and Master abides with His humble devotees. ||1||Pause||

ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥
सुणि सुणि अमृत नामु धिआवा ॥
sun sun amrit naam Dhi-aavaa.
Hearing, hearing Your Ambrosial Naam, I meditate on it.

ਆਠ ਪਹਰ ਤੇਰੇ ਗੁਣ ਗਾਵਾ ॥੨॥
आठ पहर तेरे गुण गावा ॥२॥
aath pahar tayray gun gaavaa. ||2||
Twenty-four hours a day, I sing Your Glorious Praises. ||2||

ਪੇਖਿ ਪੇਖਿ ਲੀਲਾ ਮਨਿ ਆਨੰਦਾ ॥
पेखि पेखि लीला मनि आनंदा ॥
paykh paykh leelaa man aanandaa.
Beholding, beholding Your divine play, my mind is in bliss.

ਗੁਣ ਅਪਾਰ ਪ੍ਰਭ ਪਰਮਾਨੰਦਾ ॥੩॥
गुण अपार प्रभ परमानंदा ॥३॥
gun apaar parabh parmaanandaa. ||3||
Your Glorious Virtues are infinite, O God, O Lord of supreme bliss. ||3||

ਜਾ ਕੈ ਸਿਮਰਨਿ ਕਛੁ ਭਉ ਨ ਬਿਆਪੈ ॥
जा कै सिमरनि कछु भउ न बिआपै ॥
jaa kai simran kachh bha-o na bi-aapai.
Meditating in remembrance on Him, fear cannot touch me.

ਸਦਾ ਸਦਾ ਨਾਨਕ ਹਰਿ ਜਾਪੈ ॥੪॥੧੧॥੧੭॥
सदा सदा नानक हरि जापै ॥४॥११॥१७॥
sadaa sadaa Nanak har jaapai. ||4||11||17||
Forever and ever, Nanak meditates on the Lord. ||4||11||17||

ਸੂਹੀ ਮਹਲਾ ੫ ॥

सूही महला ५ ॥
soohee mahalla 5.
Soohee, Fifth Mahalla

ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥
गुर कै बचनि रिदै धिआनु धारी ॥
gur kai bachan ri<u>d</u>ai <u>Dh</u>i-aan <u>Dh</u>aaree.
Within my heart, I meditate on the Word of the Guru's Teachings.

ਰਸਨਾ ਜਾਪੁ ਜਪਉ ਬਨਵਾਰੀ ॥੧॥
रसना जापु जपउ बनवारी ॥१॥
rasnaa jaap japa-o banvaaree. ||1||
With my tongue, I chant the Chant of the Lord. ||1||

ਸਫਲ ਮੂਰਤਿ ਦਰਸਨ ਬਲਿਹਾਰੀ ॥
सफल मूरति दरसन बलिहारी ॥
safal moora<u>t</u> <u>d</u>arsan balihaaree.
The image of His vision is fruitful; I am a sacrifice to it.

ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ ਰਹਾਉ ॥
चरण कमल मन प्राण अधारी ॥१॥ रहाउ ॥
chara<u>n</u> kamal man paraa<u>n</u> a<u>Dh</u>aaree. ||1|| rahaa-o.
His Lotus Feet are the Support of the mind, the Support of the very breath of life. ||1||Pause||

ਸਾਧਸੰਗਿ ਜਨਮ ਮਰਣ ਨਿਵਾਰੀ ॥
साधसंगि जनम मरण निवारी ॥
saa<u>Dh</u>sang janam mara<u>n</u> nivaaree.
In the Saadh Sangat, the Company of the Holy, the cycle of birth and death is ended.

ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥
अमृत कथा सुणि करन अधारी ॥२॥
amri<u>t</u> kathaa su<u>n</u> karan a<u>Dh</u>aaree. ||2||
To hear the Ambrosial Sermon is the support of my ears. ||2||

ਕਾਮ ਕ੍ਰੋਧ ਲੋਭ ਮੋਹ ਤਜਾਰੀ ॥

काम क्रोध लोभ मोह तजारी ॥

kaam kroDh lobh moh tajaaree.

I have renounced sexual desire, anger, greed and emotional attachment.

ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥

दृड़ु नाम दानु इसनानु सुचारी ॥३॥

darirh naam daan isnaan suchaaree. ||3||

I have enshrined the Naam within myself, with charity, true cleansing and righteous conduct. ||3||

ਕਹੁ ਨਾਨਕ ਇਹੁ ਤਤੁ ਬੀਚਾਰੀ ॥

कहु नानक इहु ततु बीचारी ॥

kaho Nanak ih tat beechaaree.

Says Nanak, I have contemplated this essence of reality;

ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥

राम नाम जपि पारि उतारी ॥४॥१२॥१८॥

raam naam jap paar utaaree. ||4||12||18||

chanting the Name of the Lord, I am carried across. ||4||12||18||

ਸੂਹੀ ਮਹਲਾ ੫ ॥

सूही महला ५ ॥

soohee mahalla 5.

Soohee, Fifth Mahalla

ਲੋਭਿ ਮੋਹਿ ਮਗਨ ਅਪਰਾਧੀ ॥

लोभि मोहि मगन अपराधी ॥

lobh mohi magan apraaDhee.

The sinner is absorbed in greed and emotional attachment.

ਕਰਣਹਾਰ ਕੀ ਸੇਵ ਨ ਸਾਧੀ ॥੧॥

करणहार की सेव न साधी ॥१॥

karanhaar kee sayv na saaDhee. ||1||

He has not performed any service to the Creator Lord. ||1||

ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥

पतित पावन प्रभ नाम तुमारे ॥

patit paavan parabh naam tumaaray.

O God, Your Name is the Purifier of sinners.

ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥੧॥ ਰਹਾਉ ॥

राखि लेहु मोहि निरगुनीआरे ॥१॥ रहाउ ॥

raakh layho mohi nirgunee-aaray. ||1|| rahaa-o.

I am worthless - please save me! ||1||Pause||

ਤੂੰ ਦਾਤਾ ਪ੍ਰਭ ਅੰਤਰਜਾਮੀ ॥

तूं दाता प्रभ अंतरजामी ॥

too^{N} daataa parabh antarjaamee.

O God, You are the Great Giver, the Inner-knower, the Searcher of hearts.

ਕਾਚੀ ਦੇਹ ਮਾਨੁਖ ਅਭਿਮਾਨੀ ॥੨॥

काची देह मानुख अभिमानी ॥२॥

kaachee dayh maanukh abhimaanee. ||2||

The body of the egotistical human is perishable. ||2||

ਸੁਆਦ ਬਾਦ ਈਰਖ ਮਦ ਮਾਇਆ ॥

सुआद बाद ईरख मद माइआ ॥

su-aad baad eerakh mad maa-i-aa.

Tastes and pleasures, conflicts and jealousy, and intoxication with Maya

ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥੩॥

इन संगि लागि रतन जनमु गवाइआ ॥३॥

in sang laag ratan janam gavaa-i-aa. ||3||

- attached to these, the jewel of human life is wasted. ||3||

ਦੁਖ ਭੰਜਨ ਜਗਜੀਵਨ ਹਰਿ ਰਾਇਆ ॥

दुख भंजन जगजीवन हरि राइआ ॥

dukh bhanjan jagjeevan har raa-i-aa.

The Sovereign Lord King is the Destroyer of pain, the Life of the world.

ਸਗਲ ਤਿਆਗਿ ਨਾਨਕੁ ਸਰਣਾਇਆ ॥੪॥੧੩॥੧੯॥

सगल तिआगि नानकु सरणाइआ ॥४॥१३॥१९॥

sagal ti-aag Nanak sarnaa-i-aa. ||4||13||19||

Forsaking everything, Nanak has entered His Sanctuary. ||4||13||19||

ਸੂਹੀ ਮਹਲਾ ੫ ॥

सूही महला ५ ॥

soohee mahalla 5.

Soohee, Fifth Mahalla

ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥

पेखत चाखत कहीअत अंधा सुनीअत सुनीऐ नाही ॥

paykhat chaakhat kahee-at anDhaa sunee-at sunee-ai naahee.

He sees with his eyes, but he is called blind; he hears, but he does not hear.

ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥੧॥

निकटि वसतु कउ जाणै दूरे पापी पाप कमाही ॥१॥

nikat vasat ka-o jaanai dooray paapee paap kamaahee. ||1||

And the One who dwells near at hand, he thinks that He is far away; the sinner is committing sins. ||1||

ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥

सो किछु करि जितु छुटहि परानी ॥

so kichh kar jit chhuteh paraanee.

Do only those deeds which will save you, O mortal being.

ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥੧॥ ਰਹਾਉ ॥

हरि हरि नामु जपि अमृत बानी ॥१॥ रहाउ ॥

har har naam jap amrit baanee. ||1|| rahaa-o.

Chant the Name of the Lord, Har, Har, and the Ambrosial Word of His Bani. ||1||Pause||

ਘੋਰ ਮਹਲ ਸਦਾ ਰੰਗਿ ਰਾਤਾ ॥

घोर महल सदा रंगि राता ॥

ghor mahal sadaa rang raataa.

You are forever imbued with the love of horses and mansions.

ਸੰਗਿ ਤੁਮ੍ਹਾਰੈ ਕਛੂ ਨ ਜਾਤਾ ॥੨॥
संगि तुम्हारै कछू न जाता ॥२॥
sang tum^{H}aarai kachhoo na jaataa. ||2||
Nothing shall go along with you. ||2||

ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥
रखहि पोचारि माटी का भाँडा ॥
rakheh pochaar maatee kaa bhaa^{N}daa.
You may clean and decorate the vessel of clay,

ਅਤਿ ਕੁਚੀਲ ਮਿਲੈ ਜਮ ਡਾਂਡਾ ॥੩॥
अति कुचील मिलै जम डाँडा ॥३॥
at kucheel milai jam daa^{N}daa. ||3||
but it is so very filthy; it shall receive its punishment from the Messenger of Death. ||3||

ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥
काम क्रोधि लोभि मोहि बाधा ॥
kaam kroDh lobh mohi baaDhaa.
You are bound by sexual desire, anger, greed and emotional attachment.

ਮਹਾ ਗਰਤ ਮਹਿ ਨਿਘਰਤ ਜਾਤਾ ॥੪॥
महा गरत महि निघरत जाता ॥४॥
mahaa garat meh nighrat jaataa. ||4||
You are sinking down into the great pit. ||4||

ਨਾਨਕ ਕੀ ਅਰਦਾਸਿ ਸੁਣੀਜੈ ॥
नानक की अरदासि सुणीजै ॥
Nanak kee ardaas suneejai.
Hear this prayer of Nanak, O Lord;

ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥੫॥੧੪॥੨੦॥
डूबत पाहन प्रभ मेरे लीजै ॥५॥१४॥२०॥
doobat paahan parabh mayray leejai. ||5||14||20||
I am a stone, sinking down - please, rescue me! ||5||14||20||

ਸੂਹੀ ਮਹਲਾ ੫ ॥

सूही महला ५ ॥
soohee mahalla 5.
Soohee, Fifth Mahalla

ਜੀਵਤ ਮਰੈ ਬੁਝੈ ਪ੍ਰਭੁ ਸੋਇ ॥
जीवत मरै बुझै प्रभु सोइ ॥
jeeva<u>t</u> marai bu<u>jh</u>ai para<u>bh</u> so-ay.
One who remains dead while yet alive understands God.

ਤਿਸੁ ਜਨ ਕਰਮਿ ਪਰਾਪਤਿ ਹੋਇ ॥੧॥
तिसु जन करमि परापति होइ ॥१॥
<u>t</u>is jan karam paraapa<u>t</u> ho-ay. ||1||
He meets that humble being according to the karma of his past actions. ||1||

ਸੁਣਿ ਸਾਜਨ ਇਉ ਦੁਤਰੁ ਤਰੀਐ ॥
सुणि साजन इउ दुतरु तरीऐ ॥
su<u>n</u> saajan i-o <u>d</u>u<u>t</u>ar <u>t</u>aree-ai.
Listen, O friend - this is how to cross over the terrifying world-ocean.

ਮਿਲਿ ਸਾਧੂ ਹਰਿ ਨਾਮੁ ਉਚਰੀਐ ॥੧॥ ਰਹਾਉ ॥
मिलि साधू हरि नामु उचरीऐ ॥१॥ रहाउ ॥
mil saa<u>Dh</u>oo har naam uchree-ai. ||1|| rahaa-o.
Meet with the Holy, and chant the Lord's Name||1||Pause||

ਏਕ ਬਿਨਾ ਦੂਜਾ ਨਹੀ ਜਾਨੈ ॥
एक बिना दूजा नही जानै ॥
ayk binaa <u>d</u>oojaa nahee jaanai.
There is no other to know, except for the One Lord.

ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥੨॥
घट घट अंतरि पारब्रह्मु पछानै ॥२॥
<u>gh</u>at <u>gh</u>at an<u>t</u>ar paarbarahm pa<u>chh</u>aanai. ||2||
So realize that the Supreme Lord God is within each and every heart. ||2||

ਜੋ ਕਿਛੁ ਕਰੈ ਸੋਈ ਭਲ ਮਾਨੈ ॥
जो किछु करै सोई भल मानै ॥

jo kichh karai so-ee bhal maanai.
Whatever He does, accept that as good.

ਆਦਿ ਅੰਤ ਕੀ ਕੀਮਤਿ ਜਾਨੈ ॥੩॥
आदि अंत की कीमति जानै ॥३॥
aad ant kee keemat jaanai. ||3||
Know the value of the beginning and the end. ||3||

ਕਹੁ ਨਾਨਕ ਤਿਸੁ ਜਨ ਬਲਿਹਾਰੀ ॥
कहु नानक तिसु जन बलिहारी ॥
kaho Nanak tis jan balihaaree.
Says Nanak, I am a sacrifice to that humble being,

ਜਾ ਕੈ ਹਿਰਦੈ ਵਸਹਿ ਮੁਰਾਰੀ ॥੪॥੧੫॥੨੧॥
जा कै हिरदै वसहि मुरारी ॥४॥१५॥२१॥
jaa kai hirdai vaseh muraaree. ||4||15||21||
within whose heart the Lord dwells. ||4||15||21||

ਸੂਹੀ ਮਹਲਾ ੫ ॥
सूही महला ५ ॥
soohee mahalla 5.
Soohee, Fifth Mahalla

ਗੁਰੁ ਪਰਮੇਸਰੁ ਕਰਣੈਹਾਰੁ ॥
गुरु परमेसरु करणैहारु ॥
gur parmaysar karnaihaar.
The Guru is the Transcendent Lord, the Creator Lord.

ਸਗਲ ਸ੍ਰਿਸਟਿ ਕਉ ਦੇ ਆਧਾਰੁ ॥੧॥
सगल स्रिसटि कउ दे आधारु ॥१॥
sagal sarisat ka-o day aaDhaar. ||1||
He gives His Support to the entire Universe. ||1||

ਗੁਰ ਕੇ ਚਰਣ ਕਮਲ ਮਨ ਧਿਆਇ ॥
गुर के चरण कमल मन धिआइ ॥
gur kay charan kamal man Dhi-aa-ay.
Meditate within your mind on the Lotus Feet of the Guru.

ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ ਰਹਾਉ ॥
दूखु दरदु इसु तन ते जाइ ॥१॥ रहाउ ॥
dookh darad is tan tay jaa-ay. ||1|| rahaa-o.
Pain and suffering shall leave this body. ||1||Pause||

ਭਵਜਲਿ ਡੂਬਤ ਸਤਿਗੁਰੁ ਕਾਢੈ ॥
भवजलि डूबत सतिगुरु काढै ॥
bhavjal doobat satgur kaadhai.
The True Guru saves the drowning being from the terrifying world-ocean.

ਜਨਮ ਜਨਮ ਕਾ ਟੂਟਾ ਗਾਢੈ ॥੨॥
जनम जनम का टूटा गाढै ॥२॥
janam janam kaa tootaa gaadhai. ||2||
He reunites those who were separated for countless incarnations. ||2||

ਗੁਰ ਕੀ ਸੇਵਾ ਕਰਹੁ ਦਿਨੁ ਰਾਤਿ ॥
गुर की सेवा करहु दिनु राति ॥
gur kee sayvaa karahu din raat.
Serve the Guru, day and night.

ਸੂਖ ਸਹਜ ਮਨਿ ਆਵੈ ਸਾਂਤਿ ॥੩॥
सूख सहज मनि आवै साँति ॥३॥
sookh sahj man aavai saa^{N}t. ||3||
Your mind shall come to have peace, pleasure and poise. ||3||

ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥
सतिगुर की रेणु वडभागी पावै ॥
satgur kee rayn vadbhaagee paavai.
By great good fortune, one obtains the dust of the feet of the True Guru.

ਨਾਨਕ ਗੁਰ ਕਉ ਸਦ ਬਲਿ ਜਾਵੈ ॥੪॥੧੬॥੨੨॥
नानक गुर कउ सद बलि जावै ॥४॥१६॥२२॥
ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥
साकत नर लोभी जाणहि दूरि ॥३॥
saakat nar lobhee jaaneh door. ||3||
The greedy, faithless cynic thinks that God is far away. ||3||

ਏਕੋ ਏਕੁ ਵਰਤੈ ਹਰਿ ਲੋਇ ॥
एको एकु वरतै हरि लोइ ॥
ayko ayk vartai har lo-ay.
The One and Only Lord permeates and pervades the world.

ਨਾਨਕ ਹਰਿ ਏਕੋੁ ਕਰੇ ਸੁ ਹੋਇ ॥੪॥੧॥

नानक हरि एकुो करे सु होइ ॥४॥१॥

Nanak har ayko karay so ho-ay. ||4||1||

O Nanak, whatever the One Lord does comes to pass. ||4||1||

ਬਸੰਤੁ ਮਹਲਾ ੪ ॥

बसंतु महला ४ ॥

basant mahalla 4.

Basant, Fourth Mahalla

ਰੈਣਿ ਦਿਨਸੁ ਦੁਇ ਸਦੇ ਪਏ ॥

रैणि दिनसु दुइ सदे पए ॥

rain dinas du-ay saday pa-ay.

Day and night, the two calls are sent out.

ਮਨ ਹਰਿ ਸਿਮਰਹੁ ਅੰਤਿ ਸਦਾ ਰਖਿ ਲਏ ॥੧॥

मन हरि सिमरहु अंति सदा रखि लए ॥१॥

man har simrahu ant sadaa rakh la-ay. ||1||

O mortal, meditate in remembrance on the Lord, who protects you forever, and saves you in the end. ||1||

ਹਰਿ ਹਰਿ ਚੇਤਿ ਸਦਾ ਮਨ ਮੇਰੇ ॥

हरि हरि चेति सदा मन मेरे ॥

har har chayt sadaa man mayray.

Concentrate forever on the Lord, Har, Har, O my mind.

ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥੧॥ ਰਹਾਉ ॥

सभु आलसु दूख भंजि प्रभु पाइआ गुरमति गावहु गुण प्रभ केरे ॥१॥ रहाउ ॥

sabh aalas dookh bhanj parabh paa-i-aa gurmat gaavhu gun parabh kayray. ||1|| rahaa-o.

God the Destroyer of all depression and suffering is found, through the Guru's Teachings, singing the Glorious Praises of God. ||1||Pause||

ਮਨਮੁਖ ਫਿਰਿ ਫਿਰਿ ਹਉਮੈ ਮੁਏ ॥

मनमुख फिरि फिरि हउमै मुए ॥

manmukh fir fir ha-umai mu-ay.

The self-willed manmukhs die of their egotism, over and over again.

ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ ॥੨॥
कालि दैति संघारे जम पुरि गए ॥२॥
kaal dait sanghaaray jam pur ga-ay. ||2||
They are destroyed by Death's demons, and they must go to the City of Death. ||2||

ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ ॥
गुरमुखि हरि हरि हरि लिव लागे ॥
gurmukh har har har liv laagay.
The Gurmukhs are lovingly attached to the Lord, Har, Har, Har.

ਜਨਮ ਮਰਣ ਦੋਊ ਦੁਖ ਭਾਗੇ ॥੩॥
जनम मरण दोऊ दुख भागे ॥३॥
janam maran do-oo dukh bhaagay. ||3||
Their pains of both birth and death are taken away. ||3||

ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥
भगत जना कउ हरि किरपा धारी ॥
bhagat janaa ka-o har kirpaa Dhaaree.
The Lord showers His Mercy on His humble devotees.

ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥
गुरु नानकु तुठा मिलिआ बनवारी ॥४॥२॥
gur Nanak tuthaa mili-aa banvaaree. ||4||2||
Guru Nanak has shown mercy to me; I have met the Lord, the Lord of the forest. ||4||2||

ਬਸੰਤੁ ਹਿੰਡੋਲ ਮਹਲਾ ੪ ਘਰੁ ੨
बसंतु हिंडोल महला ४ घरु २
basant hindol mahalla 4 ghar 2
Basant Hindol, Fourth Mahalla Second House:

ੴ ਸਤਿਗੁਰ ਪ੍ਰਸਾਦਿ ॥

ੴ सतिगुर प्रसादि ॥

ik-oNkaar satgur parsaad.

One Universal Creator God. By The Grace Of The True Guru:

ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥

राम नामु रतन कोठड़ी गड़ मंदरि एक लुकानी ॥

raam naam ratan koth-rhee garh mandar ayk lukaanee.

The Lord's Name is a jewel, hidden in a chamber of the palace of the body-fortress.

ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥

सतिगुरु मिलै त खोजीऐ मिलि जोती जोति समानी ॥१॥

satgur milai ta khojee-ai mil jotee jot samaanee. ||1||

When one meets the True Guru, then he searches and finds it, and his light merges with the Divine Light. ||1||

ਮਾਧੋ ਸਾਧੂ ਜਨ ਦੇਹੁ ਮਿਲਾਇ ॥

माधो साधू जन देहु मिलाइ ॥

maaDho saaDhoo jan dayh milaa-ay.

O Lord, lead me to meet with the Holy Person, the Guru.

ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥

देखत दरसु पाप सभि नासहि पवित्र परम पदु पाइ ॥१॥ रहाउ ॥

daykhat daras paap sabh naaseh pavitar param pad paa-ay. ||1|| rahaa-o.

Gazing upon the Blessed Vision of His Darshan, all my sins are erased, and I obtain the supreme, sublime, sanctified status. ||1||Pause||

ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥

पंच चोर मिलि लागे नगरीआ राम नाम धनु हिरिआ ॥

panch chor mil laagay nagree-aa raam naam Dhan hiri-aa.

The five thieves join together and plunder the body-village, stealing the wealth of the Lord's Name.

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥

गुरमति खोज परे तब पकरे धनु साबतु रासि उबरिआ ॥२॥

gurmat khoj paray tab pakray Dhan saabat raas ubri-aa. ||2||

But through the Guru's Teachings, they are traced and caught, and this wealth is recovered intact. ||2||

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
पाखंड भर्म उपाव करि थाके रिद अंतरि माइआ माइआ ॥
pakhand bharam upaav kar thaakay rid antar maa-i-aa maa-i-aa.
Practicing hypocrisy and superstition, people have grown weary of the effort, but still, deep within their hearts, they yearn for Maya, Maya.

ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
साधू पुरखु पुरखपति पाइआ अगिआन अंधेरु गवाइआ ॥३॥
saaDhoo purakh purakhpat paa-i-aa agi-aan anDhayr gavaa-i-aa. ||3||
By the Grace of the Holy Person, I have met with the Lord, the Primal Being, and the darkness of ignorance is dispelled. ||3||

ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
जगन्नाथ जगदीस गुसाई करि किरपा साधु मिलावै ॥
jagannaath jagdees gusaa-ee kar kirpaa saaDh milaavai.
The Lord, the Lord of the Earth, the Lord of the Universe, in His Mercy, leads me to meet the Holy Person, the Guru.

ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥
नानक साँति होवै मन अंतरि नित हिरदै हरि गुण गावै ॥४॥१॥३॥
Nanak saaNt hovai man antar nit hirdai har gun gaavai. ||4||1||3||
O Nanak, peace then comes to abide deep within my mind, and I constantly sing the Glorious Praises of the Lord within my heart. ||4||1||3||

ਬਸੰਤੁ ਮਹਲਾ ੪ ਹਿੰਡੋਲ ॥
बसंतु महला ४ हिंडोल ॥
basant mahalla 4 hindol.
Basant, Fourth Mahalla Hindol:

ਤੁਮ੍ ਵਡ ਪੁਰਖ ਵਡ ਅਗਮ ਗੁਸਾਈ ਹਮ ਕੀਰੇ ਕਿਰਮ ਤੁਮਨਛੇ ॥
तुम्ह वड पुरख वड अगम गुसाई हम कीरे किर्म तुमनछे ॥
tumH vad purakh vad agam gusaa-ee ham keeray kiram tumnachhay.
You are the Great Supreme Being, the Vast and Inaccessible Lord of the World; I am a mere insect, a worm created by You.

ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ ਗੁਰ ਸਤਿਗੁਰ ਚਰਣ ਹਮ ਬਨਛੇ ॥੧॥

हरि दीन दइआल करहु प्रभ किरपा गुर सतिगुर चरण हम बनछे ॥१॥

har deen da-i-aal karahu parabh kirpaa gur satgur charan ham banchhay. ||1||

O Lord, Merciful to the meek, please grant Your Grace; O God, I long for the feet of the Guru, the True Guru. ||1||

ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ ॥

गोबिंद जीउ सतसंगति मेलि करि कृपछे ॥

gobind jee-o satsangat mayl kar kirpachhay.

O Dear Lord of the Universe, please be merciful and unite me with the Sat Sangat, the True Congregation.

ਜਨਮ ਜਨਮ ਕੇ ਕਿਲਵਿਖ ਮਲੁ ਭਰਿਆ ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥੧॥ ਰਹਾਉ ॥

जनम जनम के किलविख मलु भरिआ मिलि संगति करि प्रभ हनछे ॥१॥ रहाउ ॥

janam janam kay kilvikh mal bhari-aa mil sangat kar parabh hanchhay. ||1|| rahaa-o.

I was overflowing with the filthy sins of countless past lives. But joining the Sangat, God made me pure again. ||1||Pause||

ਤੁਮ੍ਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ ਪਵੀਛੇ ॥

तुम्रा जनु जाति अविजाता हरि जपिओ पतित पवीछे ॥

tum^Hraa jan jaat avijaataa har japi-o patit paveechhay.

Your humble servant, whether of high class or low class, O Lord - by meditating on You, the sinner becomes pure.

ਹਰਿ ਕੀਓ ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿ ਪ੍ਰਭ ਦਿਨਛੇ ॥੨॥

हरि कीओ सगल भवन ते ऊपरि हरि सोभा हरि प्रभ दिनछे ॥२॥

har kee-o sagal bhavan tay oopar har sobhaa har parabh dinchhay. ||2||

The Lord exalts and elevates him above the whole world, and the Lord God blesses him with the Lord's Glory. ||2||

ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ ਤਿਨਛੇ ॥

जाति अजाति कोई प्रभ धिआवै सभि पूरे मानस तिनछे ॥

jaat ajaat ko-ee parabh Dhi-aavai sabh pooray maanas tinchhay.

Anyone who meditates on God, whether of high class or low class, will have all of his hopes and desires fulfilled.

ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ੍ ਹਰਿ ਧਾਰਿਓ ਹਰਿ ਉਰਛੇ ॥੩॥
से धंनि वडे वड पूरे हरि जन जिन् हरि धारिओ हरि उरछे ॥३॥
say Dhan vaday vad pooray har jan jinH har Dhaari-o har urchhay. ||3||
Those humble servants of the Lord who enshrine the Lord within their hearts, are blessed, and are made great and totally perfect. ||3||

ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ ॥
हम ढींढे ढीम बहुतु अति भारी हरि धारि कृपा प्रभ मिलछे ॥
ham dheeNdhay dheem bahut at bhaaree har Dhaar kirpaa parabh milchhay.
I am so low, I am an utterly heavy lump of clay. Please shower Your Mercy on me, Lord, and unite me with Yourself.

ਜਨ ਨਾਨਕ ਗੁਰੁ ਪਾਇਆ ਹਰਿ ਤੂਠੇ ਹਮ ਕੀਏ ਪਤਿਤ ਪਵੀਛੇ ॥੪॥੨॥੪॥
जन नानक गुरु पाइआ हरि तूठे हम कीए पतित पवीछे ॥४॥२॥४॥
jan Nanak gur paa-i-aa har toothay ham kee-ay patit paveechhay. ||4||2||4||
The Lord, in His Mercy, has led servant Nanak to find the Guru; I was a sinner, and now I have become immaculate and pure. ||||4||2||4||

ਬਸੰਤੁ ਹਿੰਡੋਲ ਮਹਲਾ ੪ ॥
बसंतु हिंडोल महला ४ ॥
basant hindol mahalla 4.
Basant Hindol, Fourth Mahalla

ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ ਨਿਤ ਹਰਿ ਹਰਿ ਨਾਮ ਰਸਿ ਗੀਧੇ ॥
मेरा इकु खिनु मनूआ रहि न सकै नित हरि हरि नाम रसि गीधे ॥
mayraa ik khin manoo-aa reh na sakai nit har har naam ras geeDhay.
My mind cannot survive, even for an instant, without the Lord. I drink in continually the sublime essence of the Name of the Lord, Har, Har.

ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ ॥੧॥
जिउ बारिकु रसकि परिओ थनि माता थनि काढे बिल्ल बिलीधे ॥१॥
ji-o baarik rasak pari-o than maataa than kaadhay bilal bileeDhay. ||1||
It is like a baby, who joyfully sucks at his mother's breast; when the breast is withdrawn, he weeps and cries. ||1||

ਗੋਬਿੰਦ ਜੀਉ ਮੇਰੇ ਮਨ ਤਨ ਨਾਮ ਹਰਿ ਬੀਧੇ ॥
गोबिंद जीउ मेरे मन तन नाम हरि बीधे ॥
gobind jee-o mayray man tan naam har beeDhay.
O Dear Lord of the Universe, my mind and body are pierced through by the Name of the Lord.

ਵਡੈ ਭਾਗਿ ਗੁਰੁ ਸਤਿਗੁਰੁ ਪਾਇਆ ਵਿਚਿ ਕਾਇਆ ਨਗਰ ਹਰਿ ਸੀਧੇ ॥੧॥ ਰਹਾਉ ॥
वडै भागि गुरु सतिगुरु पाइआ विचि काइआ नगर हरि सीधे ॥१॥ रहाउ ॥
vadai bhaag gur satgur paa-i-aa vich kaa-i-aa nagar har seeDhay. ||1|| rahaa-o.
By great good fortune, I have found the Guru, the True Guru, and in the body-village, the Lord has revealed Himself. ||1||Pause||

Page: 1179

ਜਨ ਕੇ ਸਾਸ ਸਾਸ ਹੈ ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥
जन के सास सास है जेते हरि बिरहि प्रभू हरि बीधे ॥
jan kay saas saas hai jaytay har bireh parabhoo har beeDhay.
Each and every breath of the Lord's humble servant is pierced through with love of the Lord God.

ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ ॥੨॥
जिउ जल कमल प्रीति अति भारी बिनु जल देखे सुकलीधे ॥२॥
ji-o jal kamal pareet at bhaaree bin jal daykhay sukleeDhay. ||2||
As the lotus is totally in love with the water and withers away without seeing the water, so am I in love with the Lord. ||2||

ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ ॥
जन जपिओ नामु निरंजनु नरहरि उपदेसि गुरू हरि प्रीधे ॥
jan japi-o naam niranjan narhar updays guroo har pareeDhay.
The Lord's humble servant chants the Immaculate Naam, the Name of the Lord; through the Guru's Teachings, the Lord reveals Himself.

ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥
जनम जनम की हउमै मलु निकसी हरि अमृति हरि जलि नीधे ॥३॥

janam janam kee ha-umai mal niksee har amrit har jal neeDhay. ||3||
The filth of egotism which stained me for countless lifetimes has been washed away, by the Ambrosial Water of the Ocean of the Lord. ||3||

ਹਮਰੇ ਕਰਮ ਨ ਬਿਚਰਹੁ ਠਾਕੁਰ ਤੁਮ੍ ਪੈਜ ਰਖਹੁ ਅਪਨੀਧੇ ॥
हमरे कर्म न बिचरहु ठाकुर तुम्ह पैज रखहु अपनीधे ॥
hamray karam na bichrahu thaakur tum^H paij rakhahu apneeDhay.
Please, do not take my karma into account, O my Lord and Master; please save the honor of Your slave.

ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ ਪਵੀਧੇ ॥੪॥੩॥੫॥
हरि भावै सुणि बिनउ बेनती जन नानक सरणि पवीधे ॥४॥३॥५॥
har bhaavai sun bin-o bayntee jan Nanak saran paveeDhay. ||4||3||5||
O Lord, if it pleases You, hear my prayer; servant Nanak seeks Your Sanctuary. ||4||3||5||

ਬਸੰਤੁ ਹਿੰਡੋਲ ਮਹਲਾ ੪ ॥
बसंतु हिंडोल महला ४ ॥
basant hindol mahalla 4.
Basant Hindol, Fourth Mahalla

ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥
मनु खिनु खिनु भरमि भरमि बहु धावै तिलु घरि नही वासा पाईऐ ॥
man khin khin bharam bharam baho Dhaavai til ghar nahee vaasaa paa-ee-ai.
Each and every moment, my mind roams and rambles, and runs all over the place. It does not stay in its own home, even for an instant.

ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ ॥੧॥
गुरि अंकसु सबदु दारू सिरि धारिओ घरि मंदरि आणि वसाईऐ ॥१॥
gur ankas sabad daaroo sir Dhaari-o ghar mandar aan vasaa-ee-ai. ||1||
But when the bridle of the Shabad, the Word of God, is placed over its head, it returns to dwell in its own home. ||1||

ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥
गोबिंद जीउ सतसंगति मेलि हरि धिआईऐ ॥
gobind jee-o satsangat mayl har Dhi-aa-ee-ai.

O Dear Lord of the Universe, lead me to join the Sat Sangat, the True Congregation, so that I may meditate on You, Lord.

ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ ॥੧॥ ਰਹਾਉ ॥

हउमै रोगु गइआ सुखु पाइआ हरि सहजि समाधि लगाईऐ ॥१॥ रहाउ ॥

ha-umai rog ga-i-aa sukh paa-i-aa har sahj samaaDh lagaa-ee-ai. ||1|| rahaa-o.

I am cured of the disease of egotism, and I have found peace; I have intuitively entered into the state of Samaadhi. ||1||Pause||

ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ ਲਹਿ ਨ ਸਕਾਈਐ ॥

घरि रतन लाल बहु माणक लादे मनु भ्रमिआ लहि न सकाईऐ ॥

ghar ratan laal baho maanak laaday man bharmi-aa leh na sakaa-ee-ai.

This house is loaded with countless gems, jewels, rubies and emeralds, but the wandering mind cannot find them.

ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ ॥੨॥

जिउ ओडा कूपु गुहज खिन काढै तिउ सतिगुरि वसतु लहाईऐ ॥२॥

ji-o odaa koop guhaj khin kaadhai ti-o satgur vasat lahaa-ee-ai. ||2||

As the water-diviner finds the hidden water, and the well is then dug in an instant, so do we find the object of the Name through the True Guru. ||2||

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥

जिन ऐसा सतिगुरु साधु न पाइआ ते ध्रिगु ध्रिगु नर जीवाईऐ ॥

jin aisaa satgur saaDh na paa-i-aa tay Dharig Dharig nar jeevaa-ee-ai.

Those who do not find such a Holy True Guru - cursed, cursed are the lives of those people.

ਜਨਮੁ ਪਦਾਰਥੁ ਪੁੰਨਿ ਫਲੁ ਪਾਇਆ ਕਉਡੀ ਬਦਲੈ ਜਾਈਐ ॥੩॥

जनमु पदारथु पुंनि फलु पाइआ कउडी बदलै जाईऐ ॥३॥

janam padaarath punn fal paa-i-aa ka-udee badlai jaa-ee-ai. ||3||

The treasure of this human life is obtained when one's virtues bear fruit, but it is lost in exchange for a mere shell. ||3||

ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ ॥

मधुसूदन हरि धारि प्रभ किरपा करि किरपा गुरू मिलाईऐ ॥

maDhusoodan har Dhaar parabh kirpaa kar kirpaa guroo milaa-ee-ai.

O Lord God, please be merciful to me; be merciful, and lead me to meet the Guru.

ਜਨ ਨਾਨਕ ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥

जन नानक निरबाण पदु पाइआ मिलि साधू हरि गुण गाईऐ ॥४॥४॥६॥

jan Nanak nirbaan pad paa-i-aa mil saaDhoo har gun gaa-ee-ai. ||4||4||6||

Servant Nanak has attained the state of Nirvaanaa; meeting with the Holy people, he sings the Glorious Praises of the Lord. ||4||4||6||

ਬਸੰਤੁ ਹਿੰਡੋਲ ਮਹਲਾ ੪ ॥

बसंतु हिंडोल महला ४ ॥

basant hindol mahalla 4.

Basant Hindol, Fourth Mahalla

ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ ॥

आवण जाणु भइआ दुखु बिखिआ देह मनमुख सुंञी सुंञु ॥

aavan jaan bha-i-aa dukh bikhi-aa dayh manmukh sunjee sunj.

Coming and going, he suffers the pains of vice and corruption; the body of the self-willed manmukh is desolate and vacant.

ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ ਜਮਿ ਪਕਰੇ ਕਾਲਿ ਸਲੁੰਞੁ ॥੧॥

राम नामु खिनु पलु नही चेतिआ जमि पकरे कालि सलुंञु ॥१॥

raam naam khin pal nahee chayti-aa jam pakray kaal salunj. ||1||

He does not dwell on the Lord's Name, even for an instant, and so the Messenger of Death seizes him by his hair. ||1||

ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ ॥

गोबिंद जीउ बिखु हउमै ममता मुंञु ॥

gobind jee-o bikh ha-umai mamtaa munj.

O Dear Lord of the Universe, please rid me of the poison of egotism and attachment.

ਸਤਸੰਗਤਿ ਗੁਰ ਕੀ ਹਰਿ ਪਿਆਰੀ ਮਿਲਿ ਸੰਗਤਿ ਹਰਿ ਰਸੁ ਭੁੰਞੁ ॥੧॥ ਰਹਾਉ ॥

सतसंगति गुर की हरि पिआरी मिलि संगति हरि रसु भुंञु ॥१॥ रहाउ ॥

satsangat gur kee har pi-aaree mil sangat har ras bhunj. ||1|| rahaa-o.

The Sat Sangat, Guru's True Congregation is so dear to the Lord. So join the Sangat, and taste the sublime essence of the Lord. ||1||Pause||

ਸਤਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ ਸਾਧੂ ਪੰਞੁ ॥
सतसंगति साध दइआ करि मेलहु सरणागति साधू पंञु ॥
satsangat saaDh da-i-aa kar maylhu sarnaagat saaDhoo pannj.
Please be kind to me, and unite me with the Sat Sangat, the True Congregation of the Holy; I seek the Sanctuary of the Holy.

ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ ਤੁਮ੍ ਦੀਨ ਦਇਆਲ ਦੁਖ ਭੰਞੁ ॥੨॥
हम डुबदे पाथर काढि लेहु प्रभ तुम्ह दीन दइआल दुख भंञु ॥२॥
ham dubday paathar kaadh layho parabh tum^H deen da-i-aal dukh bhanj. ||2||
I am a heavy stone, sinking down - please lift me up and pull me out! O God, Merciful to the meek, You are the Destroyer of sorrow. ||2||

ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ ਸਤਸੰਗਤਿ ਮਿਲਿ ਬੁਧਿ ਲੰਞੁ ॥
हरि उसतति धारहु रिद अंतरि सुआमी सतसंगति मिलि बुधि लंञु ॥
har ustat Dhaarahu rid antar su-aamee satsangat mil buDh lanj.
I enshrine the Praises of my Lord and Master within my heart; joining the Sat Sangat, my intellect is enlightened.

ਹਰਿ ਨਾਮੈ ਹਮ ਪ੍ਰੀਤਿ ਲਗਾਨੀ ਹਮ ਹਰਿ ਵਿਟਹੁ ਘੁਮਿ ਵੰਞੁ ॥੩॥
हरि नामै हम प्रीति लगानी हम हरि विटहु घुमि वंञु ॥३॥
har naamai ham pareet lagaanee ham har vitahu ghum vanj. ||3||
I have fallen in love with the Lord's Name; I am a sacrifice to the Lord. ||3||

ਜਨ ਕੇ ਪੂਰਿ ਮਨੋਰਥ ਹਰਿ ਪ੍ਰਭ ਹਰਿ ਨਾਮੁ ਦੇਵਹੁ ਹਰਿ ਲੰਞੁ ॥
जन के पूरि मनोरथ हरि प्रभ हरि नामु देवहु हरि लंञु ॥
jan kay poor manorath har parabh har naam dayvhu har lanj.
O Lord God, please fulfill the desires of Your humble servant; please bless me with Your Name, O Lord.

ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ ਗੁਰਿ ਮੰਤ੍ਰੁ ਦੀਓ ਹਰਿ ਭੰਞੁ ॥੪॥੫॥੭॥੧੨॥੧੮॥੭॥੩੭॥
जन नानक मनि तनि अनदु भइआ है गुरि मंत्रु दीओ हरि भंञु ॥४॥५॥७॥१२॥१८॥७॥३७॥
jan Nanak man tan anad bha-i-aa hai gur mantar dee-o har bhanj. ||4||5||7||12||18||7||37||

Servant Nanak's mind and body are filled with ecstasy; the Guru has blessed him with the Mantra of the Lord's Name. ||4||5||7||12||18||7||37||

ਬਸੰਤੁ ਮਹਲਾ ੫ ਘਰੁ ੧ ਦੁਤੁਕੇ

बसंतु महला ५ घरु १ दुतुके

basant mahalla 5 ghar 1 dutukay

Basant, Fifth Mahalla First House, Du-Tukay:

ੴ ਸਤਿਗੁਰ ਪ੍ਰਸਾਦਿ ॥

ੴ सतिगुर प्रसादि ॥

ik-oNkaar satgur parsaad.

One Universal Creator God. By The Grace Of The True Guru:

ਗੁਰੁ ਸੇਵਉ ਕਰਿ ਨਮਸਕਾਰ ॥

गुरु सेवउ करि नमस्कार ॥

gur sayva-o kar namaskaar.

I serve the Guru, and humbly bow to Him.

ਆਜੁ ਹਮਾਰੈ ਮੰਗਲਚਾਰ ॥

आजु हमारै मंगलचार ॥

aaj hamaarai mangalchaar.

Today is a day of celebration for me.

ਆਜੁ ਹਮਾਰੈ ਮਹਾ ਅਨੰਦ ॥

आजु हमारै महा अनंद ॥

aaj hamaarai mahaa anand.

Today I am in supreme bliss.

ਚਿੰਤ ਲਥੀ ਭੇਟੇ ਗੋਬਿੰਦ ॥੧॥

चिंत लथी भेटे गोबिंद ॥१॥

chint lathee bhaytay gobind. ||1||

My anxiety is dispelled, and I have met the Lord of the Universe. ||1||

ਆਜੁ ਹਮਾਰੈ ਗ੍ਰਿਹਿ ਬਸੰਤ ॥
आजु हमारै गृहि बसंत ॥
aaj hamaarai garihi basant.
Today, it is springtime in my household.

ਗੁਨ ਗਾਏ ਪ੍ਰਭ ਤੁਮ੍ਹ ਬੇਅੰਤ ॥੧॥ ਰਹਾਉ ॥
गुन गाए प्रभ तुम्ह बेअंत ॥१॥ रहाउ ॥
gun gaa-ay parabh tum^{H} bay-ant. ||1|| rahaa-o.
I sing Your Glorious Praises, O Infinite Lord God. ||1||Pause||

ਆਜੁ ਹਮਾਰੈ ਬਨੇ ਫਾਗ ॥
आजु हमारै बने फाग ॥
aaj hamaarai banay faag.
Today, I am celebrating the festival of Phalgun.

ਪ੍ਰਭ ਸੰਗੀ ਮਿਲਿ ਖੇਲਨ ਲਾਗ ॥
प्रभ संगी मिलि खेलन लाग ॥
parabh sangee mil khaylan laag.
Joining with God's companions, I have begun to play.

ਹੋਲੀ ਕੀਨੀ ਸੰਤ ਸੇਵ ॥
होली कीनी संत सेव ॥
holee keenee sant sayv.
I celebrate the festival of Holi by serving the Saints.

ਰੰਗੁ ਲਾਗਾ ਅਤਿ ਲਾਲ ਦੇਵ ॥੨॥
रंगु लागा अति लाल देव ॥२॥
rang laagaa at laal dayv. ||2||
I am imbued with the deep crimson color of the Lord's Divine Love. ||2||

ਮਨੁ ਤਨੁ ਮਉਲਿਓ ਅਤਿ ਅਨੂਪ ॥
मनु तनु मउलिओ अति अनूप ॥
man tan ma-uli-o at anoop.
My mind and body have blossomed forth, in utter, incomparable beauty.

ਸੂਕੈ ਨਾਹੀ ਛਾਵ ਧੂਪ ॥
सूकै नाही छाव धूप ॥

sookai naahee chhaav Dhoop.
They do not dry out in either sunshine or shade;

ਸਗਲੀ ਰੂਤੀ ਹਰਿਆ ਹੋਇ ॥
सगली रूती हरिआ होइ ॥
saglee rootee hari-aa ho-ay.
they flourish in all seasons.

ਸਦ ਬਸੰਤ ਗੁਰ ਮਿਲੇ ਦੇਵ ॥੩॥
सद बसंत गुर मिले देव ॥३॥
sad basant gur milay dayv. ||3||
It is always springtime, when I meet with the Divine Guru. ||3||

ਬਿਰਖੁ ਜਮਿਓ ਹੈ ਪਾਰਜਾਤ ॥
बिरखु जमिओ है पारजात ॥
birakh jami-o hai paarjaat.
The wish-fulfilling Elysian Tree has sprouted and grown.

ਫੂਲ ਲਗੇ ਫਲ ਰਤਨ ਭਾਂਤਿ ॥
फूल लगे फल रतन भाँति ॥
fool lagay fal ratan bhaa^{N}t.
It bears flowers and fruits, jewels of all sorts.

ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥
तृपति अघाने हरि गुणह गाइ ॥
taripat aghaanay har gunah gaa-ay.
I am satisfied and fulfilled, singing the Glorious Praises of the Lord.

ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥
जन नानक हरि हरि हरि धिआइ ॥४॥१॥
jan Nanak har har har Dhi-aa-ay. ||4||1||
Servant Nanak meditates on the Lord, Har, Har, Har. ||4||1||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਹਟਵਾਣੀ ਧਨ ਮਾਲ ਹਾਟੁ ਕੀਤੁ ॥
हटवाणी धन माल हाटु कीतु ॥
hatvaanee Dhan maal haat keet.
The shopkeeper deals in merchandise for profit.

ਜੂਆਰੀ ਜੂਏ ਮਾਹਿ ਚੀਤੁ ॥
जूआरी जूए माहि चीतु ॥
joo-aaree joo-ay maahi cheet.
The gambler's consciousness is focused on gambling.

ਅਮਲੀ ਜੀਵੈ ਅਮਲੁ ਖਾਇ ॥
अमली जीवै अमलु खाइ ॥
amlee jeevai amal khaa-ay.
The opium addict lives by consuming opium.

ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥੧॥
तिउ हरि जनु जीवै हरि धिआइ ॥१॥
ti-o har jan jeevai har Dhi-aa-ay. ||1||
In the same way, the humble servant of the Lord lives by meditating on the Lord. ||1||

ਅਪਨੈ ਰੰਗਿ ਸਭੁ ਕੋ ਰਚੈ ॥
अपनै रंगि सभु को रचै ॥
apnai rang sabh ko rachai.
Everyone is absorbed in his own pleasures.

ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥੧॥ ਰਹਾਉ ॥
जितु प्रभि लाइआ तितु तितु लगै ॥१॥ रहाउ ॥
jit parabh laa-i-aa tit tit lagai. ||1|| rahaa-o.
He is attached to whatever God attaches him to. ||1||Pause||

ਮੇਘ ਸਮੈ ਮੋਰ ਨਿਰਤਿਕਾਰ ॥
मेघ समै मोर निरतिकार ॥
maygh samai mor nirtikaar.
When the clouds and the rain come, the peacocks dance.

ਚੰਦ ਦੇਖਿ ਬਿਗਸਹਿ ਕਉਲਾਰ ॥
चंद देखि बिगसहि कउलार ॥
chand daykh bigsahi ka-ulaar.
Seeing the moon, the lotus blossoms.

ਮਾਤਾ ਬਾਰਿਕ ਦੇਖਿ ਅਨੰਦ ॥
माता बारिक देखि अनंद ॥
maataa baarik daykh anand.
When the mother sees her infant, she is happy.

ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥੨॥
तिउ हरि जन जीवहि जपि गोबिंद ॥२॥
ti-o har jan jeeveh jap gobind. ||2||
In the same way, the humble servant of the Lord lives by meditating on the Lord of the Universe. ||2||

ਸਿੰਘ ਰੁਚੈ ਸਦ ਭੋਜਨੁ ਮਾਸ ॥
सिंघ रुचै सद भोजनु मास ॥
singh ruchai sad bhojan maas.
The tiger always wants to eat meat.

ਰਣੁ ਦੇਖਿ ਸੂਰੇ ਚਿਤ ਉਲਾਸ ॥
रणु देखि सूरे चित उलास ॥
ran daykh sooray chit ulaas.
Gazing upon the battlefield, the warrior's mind is exalted.

ਕਿਰਪਨ ਕਉ ਅਤਿ ਧਨ ਪਿਆਰੁ ॥
किरपन कउ अति धन पिआरु ॥
kirpan ka-o at Dhan pi-aar.
The miser is totally in love with his wealth.

ਹਰਿ ਜਨ ਕਉ ਹਰਿ ਹਰਿ ਆਧਾਰੁ ॥੩॥
हरि जन कउ हरि हरि आधारु ॥३॥
har jan ka-o har har aaDhaar. ||3||
The humble servant of the Lord leans on the Support of the Lord, Har, Har. ||3||

ਸਰਬ ਰੰਗ ਇਕ ਰੰਗ ਮਾਹਿ ॥
सर्ब रंग इक रंग माहि ॥
sarab rang ik rang maahi.
All love is contained in the Love of the One Lord.

ਸਰਬ ਸੁਖਾ ਸੁਖ ਹਰਿ ਕੈ ਨਾਇ ॥
सर्ब सुखा सुख हरि कै नाइ ॥
sarab sukhaa sukh har kai naa-ay.
All comforts are contained in the Comfort of the Lord's Name.

ਤਿਸਹਿ ਪਰਾਪਤਿ ਇਹੁ ਨਿਧਾਨੁ ॥
तिसहि परापति इहु निधानु ॥
tiseh paraapat ih niDhaan.
He alone receives this treasure,

ਨਾਨਕ ਗੁਰੁ ਜਿਸੁ ਕਰੇ ਦਾਨੁ ॥੪॥੨॥
नानक गुरु जिसु करे दानु ॥४॥२॥
Nanak gur jis karay daan. ||4||2||
O Nanak, unto whom the Guru gives His gift. ||4||2||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥
तिसु बसंतु जिसु प्रभु कृपालु ॥
tis basant jis parabh kirpaal.
He alone experiences this springtime of the soul, unto whom God grants His Grace.

ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥
तिसु बसंतु जिसु गुरु दइआलु ॥
tis basant jis gur da-i-aal.
He alone experiences this springtime of the soul, unto whom the Guru is merciful.

ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥
मंगलु तिस कै जिसु एकु कामु ॥
mangal tis kai jis ayk kaam.
He alone is joyful, who works for the One Lord.

ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧॥
तिसु सद बसंतु जिसु रिदै नामु ॥१॥
tis sad basant jis ridai naam. ||1||
He alone experiences this eternal springtime of the soul, within whose heart the Naam, the Name of the Lord, abides. ||1||

ਗ੍ਰਿਹਿ ਤਾ ਕੇ ਬਸੰਤੁ ਗਨੀ ॥
गृहि ता के बसंतु गनी ॥
garihi taa kay basant ganee.
This spring comes only to those homes,

ਜਾ ਕੈ ਕੀਰਤਨੁ ਹਰਿ ਧੁਨੀ ॥੧॥ ਰਹਾਉ ॥
जा कै कीरतनु हरि धुनी ॥१॥ रहाउ ॥
jaa kai keertan har Dhunee. ||1|| rahaa-o.
in which the melody of the Kirtan of the Lord's Praises resounds. ||1||Pause||

ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥
प्रीति पारब्रह्म मउलि मना ॥
pareet paarbarahm ma-ul manaa.
O mortal, let your love for the Supreme Lord God blossom forth.

ਗਿਆਨੁ ਕਮਾਈਐ ਪੂਛਿ ਜਨਾਂ ॥
गिआनु कमाईऐ पूछि जनाँ ॥
gi-aan kamaa-ee-ai poochh janaa^N.
Practice spiritual wisdom, and consult the humble servants of the Lord.

ਸੋ ਤਪਸੀ ਜਿਸੁ ਸਾਧਸੰਗੁ ॥
सो तपसी जिसु साधसंगु ॥
so tapsee jis saaDhsang.
He alone is an ascetic, who joins the Saadh Sangat, the Company of the Holy.

ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥

सद धिआनी जिसु गुरहि रंगु ॥२॥

sad Dhi-aanee jis gureh rang. ||2||

He alone dwells in deep, continual meditation, who loves his Guru. ||2||

ਸੇ ਨਿਰਭਉ ਜਿਨ੍ ਭਉ ਪਇਆ ॥

से निरभउ जिन् भउ पइआ ॥

say nirbha-o jin^{H} bha-o pa-i-aa.

He alone is fearless, who has the Fear of God.

ਸੋ ਸੁਖੀਆ ਜਿਸੁ ਭ੍ਰਮੁ ਗਇਆ ॥

सो सुखीआ जिसु भ्रमु गइआ ॥

so sukhee-aa jis bharam ga-i-aa.

He alone is peaceful, whose doubts are dispelled.

ਸੋ ਇਕਾਂਤੀ ਜਿਸੁ ਰਿਦਾ ਥਾਇ ॥

सो इकाँती जिसु रिदा थाइ ॥

so ikaa^{N}tee jis ridaa thaa-ay.

He alone is a hermit, who heart is steady and stable.

ਸੋਈ ਨਿਹਚਲੁ ਸਾਚ ਠਾਇ ॥੩॥

सोई निहचलु साच ठाइ ॥३॥

so-ee nihchal saach thaa-ay. ||3||

He alone is steady and unmoving, who has found the true place. ||3||

ਏਕਾ ਖੋਜੈ ਏਕ ਪ੍ਰੀਤਿ ॥

एका खोजै एक प्रीति ॥

aykaa khojai ayk pareet.

He seeks the One Lord, and loves the One Lord.

ਦਰਸਨ ਪਰਸਨ ਹੀਤ ਚੀਤਿ ॥

दरसन परसन हीत चीति ॥

darsan parsan heet cheet.

He loves to gaze upon the Blessed Vision of the Lord's Darshan.

ਹਰਿ ਰੰਗ ਰੰਗਾ ਸਹਜਿ ਮਾਣੁ ॥

हरि रंग रंगा सहजि माणु ॥
har rang rangaa sahj maan.
He intuitively enjoys the Love of the Lord.

ਨਾਨਕ ਦਾਸ ਤਿਸੁ ਜਨ ਕੁਰਬਾਣੁ ॥੪॥੩॥
नानक दास तिसु जन कुरबाणु ॥४॥३॥
Nanak daas tis jan kurbaan. ||4||3||
Slave Nanak is a sacrifice to that humble being. ||4||3||

Page: 1181

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਜੀਅ ਪ੍ਰਾਣ ਤੁਮ੍ ਪਿੰਡ ਦੀਨ੍ ॥
जीअ प्राण तुम्ह पिंड दीन्ह ॥
jee-a paraan tum[H] pind deen[H].
You gave us our soul, breath of life and body.

ਮੁਗਧ ਸੁੰਦਰ ਧਾਰਿ ਜੋਤਿ ਕੀਨ੍ ॥
मुगध सुंदर धारि जोति कीन्ह ॥
mugaDh sundar Dhaar jot keen[H].
I am a fool, but You have made me beautiful, enshrining Your Light within me.

ਸਭਿ ਜਾਚਿਕ ਪ੍ਰਭ ਤੁਮ੍ ਦਇਆਲ ॥
सभि जाचिक प्रभ तुम्ह दइआल ॥
sabh jaachik parabh tum[H] da-i-aal.
We are all beggars, O God; You are merciful to us.

ਨਾਮੁ ਜਪਤ ਹੋਵਤ ਨਿਹਾਲ ॥੧॥
नामु जपत होवत निहाल ॥१॥
naam japat hovat nihaal. ||1||

Chanting the Naam, the Name of the Lord, we are uplifted and exalted. ||1||

ਮੇਰੇ ਪ੍ਰੀਤਮ ਕਾਰਣ ਕਰਣ ਜੋਗ ॥
मेरे प्रीतम कारण करण जोग ॥
mayray pareetam kaaran karan jog.
O my Beloved, only You have the potency to act,

ਹਉ ਪਾਵਉ ਤੁਮ ਤੇ ਸਗਲ ਥੋਕ ॥੧॥ ਰਹਾਉ ॥
हउ पावउ तुम ते सगल थोक ॥१॥ रहाउ ॥
ha-o paava-o tum tay sagal thok. ||1|| rahaa-o.
and cause all to be done. ||1||Pause||

ਨਾਮੁ ਜਪਤ ਹੋਵਤ ਉਧਾਰ ॥
नामु जपत होवत उधार ॥
naam japat hovat uDhaar.
Chanting the Naam, the mortal is saved.

ਨਾਮੁ ਜਪਤ ਸੁਖ ਸਹਜ ਸਾਰ ॥
नामु जपत सुख सहज सार ॥
naam japat sukh sahj saar.
Chanting the Naam, sublime peace and poise are found.

ਨਾਮੁ ਜਪਤ ਪਤਿ ਸੋਭਾ ਹੋਇ ॥
नामु जपत पति सोभा होइ ॥
naam japat pat sobhaa ho-ay.
Chanting the Naam, honor and glory are received.

ਨਾਮੁ ਜਪਤ ਬਿਘਨੁ ਨਾਹੀ ਕੋਇ ॥੨॥
नामु जपत बिघनु नाही कोइ ॥२॥
naam japat bighan naahee ko-ay. ||2||
Chanting the Naam, no obstacles shall block your way. ||2||

ਜਾ ਕਾਰਣਿ ਇਹ ਦੁਲਭ ਦੇਹ ॥
जा कारणि इह दुलभ देह ॥
jaa kaaran ih dulabh dayh.
For this reason, you have been blessed with this body, so difficult to obtain.

ਸੋ ਬੋਲੁ ਮੇਰੇ ਪ੍ਰਭੂ ਦੇਹਿ ॥
सो बोलु मेरे प्रभू देहि ॥
so bol mayray parabhoo deh.
O my Dear God, please bless me to speak the Naam.

ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥
साधसंगति महि इहु बिस्रामु ॥
saaDhsangat meh ih bisraam.
This tranquil peace is found in the Saadh Sangat, the Company of the Holy.

ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥
सदा रिदै जपी प्रभ तेरो नामु ॥३॥
sadaa ridai japee parabh tayro naam. ||3||
May I always chant and meditate within my heart on Your Name, O God. ||3||

ਤੁਝ ਬਿਨੁ ਦੂਜਾ ਕੋਇ ਨਾਹਿ ॥
तुझ बिनु दूजा कोइ नाहि ॥
tujh bin doojaa ko-ay naahi.
Other than You, there is no one at all.

ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥
सभु तेरो खेलु तुझ महि समाहि ॥
sabh tayro khayl tujh meh samaahi.
Everything is Your play; it all merges again into You.

ਜਿਉ ਭਾਵੈ ਤਿਉ ਰਾਖਿ ਲੇ ॥
जिउ भावै तिउ राखि ले ॥
ji-o bhaavai ti-o raakh lay.
As it pleases Your Will, save me, Lord.

ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥
सुखु नानक पूरा गुरु मिले ॥४॥४॥
sukh Nanak pooraa gur milay. ||4||4||
O Nanak, peace is obtained by meeting with the Perfect Guru. ||4||4||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥
प्रभ प्रीतम मेरै संगि राइ ॥
parabh pareetam mayrai sang raa-ay.
My Beloved God, my King is with me.

ਜਿਸਹਿ ਦੇਖਿ ਹਉ ਜੀਵਾ ਮਾਇ ॥
जिसहि देखि हउ जीवा माइ ॥
jisahi daykh ha-o jeevaa maa-ay.
Gazing upon Him, I live, O my mother.

ਜਾ ਕੈ ਸਿਮਰਨਿ ਦੁਖੁ ਨ ਹੋਇ ॥
जा कै सिमरनि दुखु न होइ ॥
jaa kai simran dukh na ho-ay.
Remembering Him in meditation, there is no pain or suffering.

ਕਰਿ ਦਇਆ ਮਿਲਾਵਹੁ ਤਿਸਹਿ ਮੋਹਿ ॥੧॥
करि दइआ मिलावहु तिसहि मोहि ॥१॥
kar da-i-aa milaavhu tiseh mohi. ||1||
Please, take pity on me, and lead me on to meet Him. ||1||

ਮੇਰੇ ਪ੍ਰੀਤਮ ਪ੍ਰਾਨ ਅਧਾਰ ਮਨ ॥
मेरे प्रीतम प्रान अधार मन ॥
mayray pareetam paraan aDhaar man.
My Beloved is the Support of my breath of life and mind.

ਜੀਉ ਪ੍ਰਾਨ ਸਭੁ ਤੇਰੋ ਧਨ ॥੧॥ ਰਹਾਉ ॥
जीउ प्रान सभु तेरो धन ॥१॥ रहाउ ॥
jee-o paraan sabh tayro Dhan. ||1|| rahaa-o.
This soul, breath of life, and wealth are all Yours, O Lord. ||1||Pause||

ਜਾ ਕਉ ਖੋਜਹਿ ਸੁਰਿ ਨਰ ਦੇਵ ॥
जा कउ खोजहि सुरि नर देव ॥

jaa ka-o khojeh sur nar dayv.
He is sought by the angels, mortals and divine beings.

ਮੁਨਿ ਜਨ ਸੇਖ ਨ ਲਹਹਿ ਭੇਵ ॥
मुनि जन सेख न लहहि भेव ॥
mun jan saykh na laheh bhayv.
The silent sages, the humble, and the religious teachers do not understand His mystery.

ਜਾ ਕੀ ਗਤਿ ਮਿਤਿ ਕਹੀ ਨ ਜਾਇ ॥
जा की गति मिति कही न जाइ ॥
jaa kee gat mit kahee na jaa-ay.
His state and extent cannot be described.

ਘਟਿ ਘਟਿ ਘਟਿ ਘਟਿ ਰਹਿਆ ਸਮਾਇ ॥੨॥
घटि घटि घटि घटि रहिआ समाइ ॥२॥
ghat ghat ghat ghat rahi-aa samaa-ay. ||2||
In each and every home of each and every heart, He is permeating and pervading. ||2||

ਜਾ ਕੇ ਭਗਤ ਆਨੰਦ ਮੈ ॥
जा के भगत आनंद मै ॥
jaa kay bhagat aanand mai.
His devotees are totally in bliss.

ਜਾ ਕੇ ਭਗਤ ਕਉ ਨਾਹੀ ਖੈ ॥
जा के भगत कउ नाही खै ॥
jaa kay bhagat ka-o naahee khai.
His devotees cannot be destroyed.

ਜਾ ਕੇ ਭਗਤ ਕਉ ਨਾਹੀ ਭੈ ॥
जा के भगत कउ नाही भै ॥
jaa kay bhagat ka-o naahee bhai.
His devotees are not afraid.

ਜਾ ਕੇ ਭਗਤ ਕਉ ਸਦਾ ਜੈ ॥੩॥
जा के भगत कउ सदा जै ॥३॥

jaa kay bhagat ka-o sadaa jai. ||3||
His devotees are victorious forever. ||3||

ਕਉਨ ਉਪਮਾ ਤੇਰੀ ਕਹੀ ਜਾਇ ॥
कउन उपमा तेरी कही जाइ ॥
ka-un upmaa tayree kahee jaa-ay.
What Praises of Yours can I utter?

ਸੁਖਦਾਤਾ ਪ੍ਰਭੁ ਰਹਿਓ ਸਮਾਇ ॥
सुखदाता प्रभु रहिओ समाइ ॥
sukh-daata parabh rahi-o samaa-ay.
God, the Giver of peace, is all-pervading, permeating everywhere.

ਨਾਨਕੁ ਜਾਚੈ ਏਕੁ ਦਾਨੁ ॥
नानकु जाचै एकु दानु ॥
Nanak jaachai ayk daan.
Nanak begs for this one gift.

ਕਰਿ ਕਿਰਪਾ ਮੋਹਿ ਦੇਹੁ ਨਾਮੁ ॥੪॥੫॥
करि किरपा मोहि देहु नामु ॥४॥५॥
kar kirpaa mohi dayh naam. ||4||5||
Be merciful, and bless me with Your Name. ||4||5||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਮਿਲਿ ਪਾਣੀ ਜਿਉ ਹਰੇ ਬੂਟ ॥
मिलि पाणी जिउ हरे बूट ॥
mil paanee ji-o haray boot.
As the plant turns green upon receiving water,

ਸਾਧਸੰਗਤਿ ਤਿਉ ਹਉਮੈ ਛੂਟ ॥
साधसंगति तिउ हउमै छूट ॥
saaDhsangat ti-o ha-umai chhoot.

just so, in the Saadh Sangat, the Company of the Holy, egotism is eradicated.

ਜੈਸੀ ਦਾਸੇ ਧੀਰ ਮੀਰ ॥
जैसी दासे धीर मीर ॥
jaisee daasay Dheer meer.
Just as the servant is encouraged by his ruler,

ਤੈਸੇ ਉਧਾਰਨ ਗੁਰਹ ਪੀਰ ॥੧॥
तैसे उधारन गुरह पीर ॥१॥
taisay uDhaaran gurah peer. ||1||
we are saved by the Guru. ||1||

ਤੁਮ ਦਾਤੇ ਪ੍ਰਭ ਦੇਨਹਾਰ ॥
तुम दाते प्रभ देनहार ॥
tum daatay parabh daynhaar.
You are the Great Giver, O Generous Lord God.

ਨਿਮਖ ਨਿਮਖ ਤਿਸੁ ਨਮਸਕਾਰ ॥੧॥ ਰਹਾਉ ॥
निमख निमख तिसु नमस्कार ॥१॥ रहाउ ॥
nimakh nimakh tis namaskaar. ||1|| rahaa-o.
Each and every instant, I humbly bow to You. ||1||Pause||

ਜਿਸਹਿ ਪਰਾਪਤਿ ਸਾਧਸੰਗੁ ॥
जिसहि परापति साधसंगु ॥
jisahi paraapat saaDhsang.
Whoever enters the Saadh Sangat

ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥
तिसु जन लागा पारब्रह्म रंगु ॥
tis jan laagaa paarbarahm rang.
- that humble being is imbued with the Love of the Supreme Lord God.

ਤੇ ਬੰਧਨ ਤੇ ਭਏ ਮੁਕਤਿ ॥
ते बंधन ते भए मुकति ॥
tay banDhan tay bha-ay mukat.
He is liberated from bondage.

ਭਗਤ ਅਰਾਧਹਿ ਜੋਗ ਜੁਗਤਿ ॥੨॥
भगत अराधहि जोग जुगति ॥२॥
bhagat araaDheh jog jugat. ||2||
His devotees worship Him in adoration; they are united in His Union. ||2||

ਨੇਤ੍ਰ ਸੰਤੋਖੇ ਦਰਸੁ ਪੇਖਿ ॥
नेत्र संतोखे दरसु पेखि ॥
naytar santokhay daras paykh.
My eyes are content, gazing upon the Blessed Vision of His Darshan.

ਰਸਨਾ ਗਾਏ ਗੁਣ ਅਨੇਕ ॥
रसना गाए गुण अनेक ॥
rasnaa gaa-ay gun anayk.
My tongue sings the Infinite Praises of God.

ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥
तृसना बूझी गुर प्रसादि ॥
tarisnaa boojhee gur parsaad.
My thirst is quenched, by Guru's Grace.

ਮਨੁ ਆਘਾਨਾ ਹਰਿ ਰਸਹਿ ਸੁਆਦਿ ॥੩॥
मनु आघाना हरि रसहि सुआदि ॥३॥
man aaghaanaa har raseh su-aad. ||3||
My mind is satisfied, with the sublime taste of the Lord's subtle essence. ||3||

ਸੇਵਕੁ ਲਾਗੋ ਚਰਣ ਸੇਵ ॥
सेवकु लागो चरण सेव ॥
sayvak laago charan sayv.
Your servant is committed to the service of Your Feet,

ਆਦਿ ਪੁਰਖ ਅਪਰੰਪਰ ਦੇਵ ॥
आदि पुरख अपरम्पर देव ॥
aad purakh aprampar dayv.
O Primal Infinite Divine Being.

ਸਗਲ ਉਧਾਰਣ ਤੇਰੋ ਨਾਮੁ ॥
सगल उधारण तेरो नामु ॥
sagal uDhaaran tayro naam.
Your Name is the Saving Grace of all.

ਨਾਨਕ ਪਾਇਓ ਇਹੁ ਨਿਧਾਨੁ ॥੪॥੬॥
नानक पाइओ इहु निधानु ॥४॥६॥
Nanak paa-i-o ih niDhaan. ||4||6||
Nanak has received this teasure. ||4||6||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਤੁਮ ਬਡ ਦਾਤੇ ਦੇ ਰਹੇ ॥
तुम बड दाते दे रहे ॥
tum bad daatay day rahay.
You are the Great Giver; You continue to give.

ਜੀਅ ਪ੍ਰਾਣ ਮਹਿ ਰਵਿ ਰਹੇ ॥
जीअ प्राण महि रवि रहे ॥
jee-a paraan meh rav rahay.
You permeate and pervade my soul, and my breath of life.

ਦੀਨੇ ਸਗਲੇ ਭੋਜਨ ਖਾਨ ॥
दीने सगले भोजन खान ॥
deenay saglay bhojan khaan.
You have given me all sorts of foods and dishes.

ਮੋਹਿ ਨਿਰਗੁਨ ਇਕੁ ਗੁਨੁ ਨ ਜਾਨ ॥੧॥
मोहि निरगुन इकु गुनु न जान ॥१॥
mohi nirgun ik gun na jaan. ||1||
I am unworthy; I know none of Your Virtues at all. ||1||

ਹਉ ਕਛੂ ਨ ਜਾਨਉ ਤੇਰੀ ਸਾਰ ॥
हउ कछू न जानउ तेरी सार ॥

ha-o kachhoo na jaan-o tayree saar.
I do not understand anything of Your Worth.

Page: 1182

ਤੂ ਕਰਿ ਗਤਿ ਮੇਰੀ ਪ੍ਰਭ ਦਇਆਰ ॥੧॥ ਰਹਾਉ ॥
तू करि गति मेरी प्रभ दइआर ॥१॥ रहाउ ॥
too kar gat mayree parabh da-i-aar. ||1|| rahaa-o.
Save me, O my Merciful Lord God. ||1||Pause||

ਜਾਪ ਨ ਤਾਪ ਨ ਕਰਮ ਕੀਤਿ ॥
जाप न ताप न कर्म कीति ॥
jaap na taap na karam keet.
I have not practiced meditation, austerities or good actions.

ਆਵੈ ਨਾਹੀ ਕਛੂ ਰੀਤਿ ॥
आवै नाही कछू रीति ॥
aavai naahee kachhoo reet.
I do not know the way to meet You.

ਮਨ ਮਹਿ ਰਾਖਉ ਆਸ ਏਕ ॥
मन महि राखउ आस एक ॥
man meh raakha-o aas ayk.
Within my mind, I have placed my hopes in the One Lord alone.

ਨਾਮ ਤੇਰੇ ਕੀ ਤਰਉ ਟੇਕ ॥੨॥
नाम तेरे की तरउ टेक ॥२॥
naam tayray kee tara-o tayk. ||2||
The Support of Your Name shall carry me across. ||2||

ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ ॥
सर्ब कला प्रभ तुम्ह प्रबीन ॥
sarab kalaa parabh tum^{H} parbeen.
You are the Expert, O God, in all powers.

ਅੰਤੁ ਨ ਪਾਵਹਿ ਜਲਹਿ ਮੀਨ ॥

अंतु न पावहि जलहि मीन ॥

ant na paavahi jaleh meen.

The fish cannot find the limits of the water.

ਅਗਮ ਅਗਮ ਊਚਹ ਤੇ ਊਚ ॥

अगम अगम ऊचह ते ऊच ॥

agam agam oochah tay ooch.

You are Inaccessible and Unfathomable, the Highest of the High.

ਹਮ ਥੋਰੇ ਤੁਮ ਬਹੁਤ ਮੂਚ ॥੩॥

हम थोरे तुम बहुत मूच ॥३॥

ham thoray tum bahut mooch. ||3||

I am small, and You are so very Great. ||3||

ਜਿਨ ਤੂ ਧਿਆਇਆ ਸੇ ਗਨੀ ॥

जिन तू धिआइआ से गनी ॥

jin too Dhi-aa-i-aa say ganee.

Those who meditate on You are wealthy.

ਜਿਨ ਤੂ ਪਾਇਆ ਸੇ ਧਨੀ ॥

जिन तू पाइआ से धनी ॥

jin too paa-i-aa say Dhanee.

Those who attain You are rich.

ਜਿਨਿ ਤੂ ਸੇਵਿਆ ਸੁਖੀ ਸੇ ॥

जिनि तू सेविआ सुखी से ॥

jin too sayvi-aa sukhee say.

Those who serve You are peaceful.

ਸੰਤ ਸਰਣਿ ਨਾਨਕ ਪਰੇ ॥੪॥੭॥

संत सरणि नानक परे ॥४॥७॥

sant saran Nanak paray. ||4||7||

Nanak seeks the Sanctuary of the Saints. ||4||7||

ਬਸੰਤੁ ਮਹਲਾ ੫ ॥

बसंतु महला ५ ॥

basant mahalla 5.

Basant, Fifth Mahalla

ਤਿਸੁ ਤੂ ਸੇਵਿ ਜਿਨਿ ਤੂ ਕੀਆ ॥
तिसु तू सेवि जिनि तू कीआ ॥
tis too sayv jin too kee-aa.
Serve the One who created You.

ਤਿਸੁ ਅਰਾਧਿ ਜਿਨਿ ਜੀਉ ਦੀਆ ॥
तिसु अराधि जिनि जीउ दीआ ॥
tis araaDh jin jee-o dee-aa.
Worship the One who gave you life.

ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ ॥
तिस का चाकरु होहि फिरि डानु न लागै ॥
tis kaa chaakar hohi fir daan na laagai.
Become His servant, and you shall never again be punished.

ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥੧॥
तिस की करि पोतदारी फिरि दूखु न लागै ॥१॥
tis kee kar potdaaree fir dookh na laagai. ||1||
Become His trustee, and you shall never again suffer sorrow. ||1||

ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥
एवड भाग होहि जिसु प्राणी ॥
ayvad bhaag hohi jis paraanee.
That mortal who is blessed with such great good fortune,

ਸੋ ਪਾਏ ਇਹੁ ਪਦੁ ਨਿਰਬਾਣੀ ॥੧॥ ਰਹਾਉ ॥
सो पाए इहु पदु निरबाणी ॥१॥ रहाउ ॥
so paa-ay ih pad nirbaanee. ||1|| rahaa-o.
attains this state of Nirvaanaa. ||1||Pause||

ਦੂਜੀ ਸੇਵਾ ਜੀਵਨੁ ਬਿਰਥਾ ॥
दूजी सेवा जीवनु बिरथा ॥
doojee sayvaa jeevan birthaa.
Life is wasted uselessly in the service of duality.

ਕਛੂ ਨ ਹੋਈ ਹੈ ਪੂਰਨ ਅਰਥਾ ॥
कछू न होई है पूरन अर्था ॥
kachhoo na ho-ee hai pooran arthaa.
No efforts shall be rewarded, and no works brought to fruition.

ਮਾਣਸ ਸੇਵਾ ਖਰੀ ਦੁਹੇਲੀ ॥
माणस सेवा खरी दुहेली ॥
maanas sayvaa kharee duhaylee.
It is so painful to serve only mortal beings.

ਸਾਧ ਕੀ ਸੇਵਾ ਸਦਾ ਸੁਹੇਲੀ ॥੨॥
साध की सेवा सदा सुहेली ॥२॥
saaDh kee sayvaa sadaa suhaylee. ||2||
Service to the Holy brings lasting peace and bliss. ||2||

ਜੇ ਲੋੜਹਿ ਸਦਾ ਸੁਖੁ ਭਾਈ ॥
जे लोड़हि सदा सुखु भाई ॥
jay lorheh sadaa sukh bhaa-ee.
If you long for eternal peace, O Siblings of Destiny,

ਸਾਧੂ ਸੰਗਤਿ ਗੁਰਹਿ ਬਤਾਈ ॥
साधू संगति गुरहि बताई ॥
saaDhoo sangat gureh bataa-ee.
then join the Saadh Sangat, the Company of the Holy; this is the Guru's advice.

ਊਹਾ ਜਪੀਐ ਕੇਵਲ ਨਾਮ ॥
ऊहा जपीऐ केवल नाम ॥
oohaa japee-ai kayval naam.
There, the Naam, the Name of the Lord, is meditated on.

ਸਾਧੂ ਸੰਗਤਿ ਪਾਰਗਰਾਮ ॥੩॥
साधू संगति पारगराम ॥३॥
saaDhoo sangat paargraam. ||3||
In the Saadh Sangat, you shall be emancipated. ||3||

ਸਗਲ ਤਤ ਮਹਿ ਤਤੁ ਗਿਆਨੁ ॥

सगल तत महि ततु गिआनु ॥
sagal tat meh tat gi-aan.
Among all essences, this is the essence of spiritual wisdom.

ਸਰਬ ਧਿਆਨ ਮਹਿ ਏਕੁ ਧਿਆਨੁ ॥
सरब धिआन महि एकु धिआनु ॥
sarab Dhi-aan meh ayk Dhi-aan.
Among all meditations, meditation on the One Lord is the most sublime.

ਹਰਿ ਕੀਰਤਨ ਮਹਿ ਊਤਮ ਧੁਨਾ ॥
हरि कीरतन महि ऊतम धुना ॥
har keertan meh ootam Dhunaa.
The Kirtan of the Lord's Praises is the ultimate melody.

ਨਾਨਕ ਗੁਰ ਮਿਲਿ ਗਾਇ ਗੁਨਾ ॥੪॥੮॥
नानक गुर मिलि गाइ गुना ॥४॥८॥
Nanak gur mil gaa-ay gunaa. ||4||8||
Meeting with the Guru, Nanak sings the Glorious Praises of the Lord. ||4||8||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਜਿਸੁ ਬੋਲਤ ਮੁਖੁ ਪਵਿਤੁ ਹੋਇ ॥
जिसु बोलत मुखु पवितु होइ ॥
jis bolat mukh pavit ho-ay.
Chanting His Name, one's mouth becomes pure.

ਜਿਸੁ ਸਿਮਰਤ ਨਿਰਮਲ ਹੈ ਸੋਇ ॥
जिसु सिमरत निरमल है सोइ ॥
jis simrat nirmal hai so-ay.
Meditating in remembrance on Him, one's reputation becomes stainless.

ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥
जिसु अराधे जमु किछु न कहै ॥

jis araaDhay jam kichh na kahai.
Worshipping Him in adoration, one is not tortured by the Messenger of Death.

ਜਿਸ ਕੀ ਸੇਵਾ ਸਭੁ ਕਿਛੁ ਲਹੈ ॥੧॥
जिस की सेवा सभु किछु लहै ॥१॥
jis kee sayvaa sabh kichh lahai. ||1||
Serving Him, everything is obtained. ||1||

ਰਾਮ ਰਾਮ ਬੋਲਿ ਰਾਮ ਰਾਮ ॥
राम राम बोलि राम राम ॥
raam raam bol raam raam.
The Lord's Name - chant the Lord's Name.

ਤਿਆਗਹੁ ਮਨ ਕੇ ਸਗਲ ਕਾਮ ॥੧॥ ਰਹਾਉ ॥
तिआगहु मन के सगल काम ॥१॥ रहाउ ॥
ti-aagahu man kay sagal kaam. ||1|| rahaa-o.
Abandon all the desires of your mind. ||1||Pause||

ਜਿਸ ਕੇ ਧਾਰੇ ਧਰਣਿ ਅਕਾਸੁ ॥
जिस के धारे धरणि अकासु ॥
jis kay Dhaaray Dharan akaas.
He is the Support of the earth and the sky.

ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥
घटि घटि जिस का है प्रगासु ॥
ghat ghat jis kaa hai pargaas.
His Light illuminates each and every heart.

ਜਿਸੁ ਸਿਮਰਤ ਪਤਿਤ ਪੁਨੀਤ ਹੋਇ ॥
जिसु सिमरत पतित पुनीत होइ ॥
jis simrat patit puneet ho-ay.
Meditating in remembrance on Him, even fallen sinners are sanctified;

ਅੰਤ ਕਾਲਿ ਫਿਰਿ ਫਿਰਿ ਨ ਰੋਇ ॥੨॥
अंत कालि फिरि फिरि न रोइ ॥२॥
ant kaal fir fir na ro-ay. ||2||

in the end, they will not weep and wail over and over again. ||2||

ਸਗਲ ਧਰਮ ਮਹਿ ਊਤਮ ਧਰਮ ॥
सगल धर्म महि ऊतम धर्म ॥
sagal Dharam meh ootam Dharam.
Among all religions, this is the ultimate religion.

ਕਰਮ ਕਰਤੂਤਿ ਕੈ ਊਪਰਿ ਕਰਮ ॥
कर्म करतूति कै ऊपरि कर्म ॥
karam kartoot kai oopar karam.
Among all rituals and codes of conduct, this is above all.

ਜਿਸ ਕਉ ਚਾਹਹਿ ਸੁਰਿ ਨਰ ਦੇਵ ॥
जिस कउ चाहहि सुरि नर देव ॥
jis ka-o chaaheh sur nar dayv.
The angels, mortals and divine beings long for Him.

ਸੰਤ ਸਭਾ ਕੀ ਲਗਹੁ ਸੇਵ ॥੩॥
संत सभा की लगहु सेव ॥३॥
sant sabhaa kee lagahu sayv. ||3||
To find Him, commit yourself to the service of the Society of the Saints. ||3||

ਆਦਿ ਪੁਰਖਿ ਜਿਸੁ ਕੀਆ ਦਾਨੁ ॥
आदि पुरखि जिसु कीआ दानु ॥
aad purakh jis kee-aa daan.
One whom the Primal Lord God blesses with His bounties,

ਤਿਸ ਕਉ ਮਿਲਿਆ ਹਰਿ ਨਿਧਾਨੁ ॥
तिस कउ मिलिआ हरि निधानु ॥
tis ka-o mili-aa har niDhaan.
obtains the treasure of the Lord.

ਤਿਸ ਕੀ ਗਤਿ ਮਿਤਿ ਕਹੀ ਨ ਜਾਇ ॥
तिस की गति मिति कही न जाइ ॥
tis kee gat mit kahee na jaa-ay.
His state and extent cannot be described.

ਨਾਨਕ ਜਨ ਹਰਿ ਹਰਿ ਧਿਆਇ ॥੪॥੯॥

नानक जन हरि हरि धिआइ ॥४॥९॥

Nanak jan har har Dhi-aa-ay. ||4||9||

Servant Nanak meditates on the Lord, Har, Har. ||4||9||

ਬਸੰਤੁ ਮਹਲਾ ੫ ॥

बसंतु महला ५ ॥

basant mahalla 5.

Basant, Fifth Mahalla

ਮਨ ਤਨ ਭੀਤਰਿ ਲਾਗੀ ਪਿਆਸ ॥

मन तन भीतरि लागी पिआस ॥

man tan bheetar laagee pi-aas.

My mind and body are gripped by thirst and desire.

ਗੁਰਿ ਦਇਆਲਿ ਪੂਰੀ ਮੇਰੀ ਆਸ ॥

गुरि दइआलि पूरी मेरी आस ॥

gur da-i-aal pooree mayree aas.

The Merciful Guru has fulfilled my hopes.

ਕਿਲਵਿਖ ਕਾਟੇ ਸਾਧਸੰਗਿ ॥

किलविख काटे साधसंगि ॥

kilvikh kaatay saaDhsang.

In the Saadh Sangat, the Company of the Holy, all my sins have been taken away.

ਨਾਮੁ ਜਪਿਓ ਹਰਿ ਨਾਮ ਰੰਗਿ ॥੧॥

नामु जपिओ हरि नाम रंगि ॥१॥

naam japi-o har naam rang. ||1||

I chant the Naam, the Name of the Lord; I am in love with the Name of the Lord. ||1||

ਗੁਰ ਪਰਸਾਦਿ ਬਸੰਤੁ ਬਨਾ ॥

गुर परसादि बसंतु बना ॥

gur parsaad basant banaa.

By Guru's Grace, this spring of the soul has come.

ਚਰਨ ਕਮਲ ਹਿਰਦੈ ਉਰਿ ਧਾਰੇ ਸਦਾ ਸਦਾ ਹਰਿ ਜਸੁ ਸੁਨਾ ॥੧॥ ਰਹਾਉ ॥
चरन कमल हिरदै उरि धारे सदा सदा हरि जसु सुना ॥१॥ रहाउ ॥
charan kamal hirdai ur Dhaaray sadaa sadaa har jas sunaa. ||1|| rahaa-o.
I enshrine the Lord's Lotus Feet within my heart; I listen to the Lord's Praise, forever and ever. ||1||Pause||

ਸਮਰਥ ਸੁਆਮੀ ਕਾਰਣ ਕਰਣ ॥
समरथ सुआमी कारण करण ॥
samrath su-aamee kaaran karan.
Our All-powerful Lord and Master is the Doer of all, the Cause of all causes.

ਮੋਹਿ ਅਨਾਥ ਪ੍ਰਭ ਤੇਰੀ ਸਰਣ ॥
मोहि अनाथ प्रभ तेरी सरण ॥
mohi anaath parabh tayree saran.
I am an orphan - I seek Your Sanctuary, God.

ਜੀਅ ਜੰਤ ਤੇਰੇ ਆਧਾਰਿ ॥
जीअ जंत तेरे आधारि ॥
jee-a jant tayray aaDhaar.
All beings and creatures take Your Support.

ਕਰਿ ਕਿਰਪਾ ਪ੍ਰਭ ਲੇਹਿ ਨਿਸਤਾਰਿ ॥੨॥
करि किरपा प्रभ लेहि निसतारि ॥२॥
kar kirpaa parabh layhi nistaar. ||2||
Be merciful, God, and save me. ||2||

ਭਵ ਖੰਡਨ ਦੁਖ ਨਾਸ ਦੇਵ ॥
भव खंडन दुख नास देव ॥
bhav khandan dukh naas dayv.
God is the Destroyer of fear, the Remover of pain and suffering.

ਸੁਰਿ ਨਰ ਮੁਨਿ ਜਨ ਤਾ ਕੀ ਸੇਵ ॥
सुरि नर मुनि जन ता की सेव ॥

sur nar mun jan taa kee sayv.
The angelic beings and silent sages serve Him.

ਧਰਣਿ ਅਕਾਸੁ ਜਾ ਕੀ ਕਲਾ ਮਾਹਿ ॥
धरणि अकासु जा की कला माहि ॥
Dharan akaas jaa kee kalaa maahi.
The earth and the sky are in His Power.

ਤੇਰਾ ਦੀਆ ਸਭਿ ਜੰਤ ਖਾਹਿ ॥੩॥
तेरा दीआ सभि जंत खाहि ॥३॥
tayraa dee-aa sabh jant khaahi. ||3||
All beings eat what You give them. ||3||

ਅੰਤਰਜਾਮੀ ਪ੍ਰਭ ਦਇਆਲ ॥
अंतरजामी प्रभ दइआल ॥
antarjaamee parabh da-i-aal.
O Merciful God, O Searcher of hearts,

ਅਪਣੇ ਦਾਸ ਕਉ ਨਦਰਿ ਨਿਹਾਲਿ ॥
अपणे दास कउ नदरि निहालि ॥
apnay daas ka-o nadar nihaal.
please bless Your slave with Your Glance of Grace.

ਕਰਿ ਕਿਰਪਾ ਮੋਹਿ ਦੇਹੁ ਦਾਨੁ ॥
करि किरपा मोहि देहु दानु ॥
kar kirpaa mohi dayh daan.
Please be kind and bless me with this gift,

ਜਪਿ ਜੀਵੈ ਨਾਨਕੁ ਤੇਰੋ ਨਾਮੁ ॥੪॥੧੦॥
जपि जीवै नानकु तेरो नामु ॥४॥१०॥
jap jeevai Nanak tayro naam. ||4||10||
that Nanak may live in Your Name. ||4||10||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਰਾਮ ਰੰਗਿ ਸਭ ਗਏ ਪਾਪ ॥
राम रंगि सभ गए पाप ॥
raam rang sabh ga-ay paap.
Loving the Lord, one's sins are taken away.

ਰਾਮ ਜਪਤ ਕਛੁ ਨਹੀ ਸੰਤਾਪ ॥
राम जपत कछु नही संताप ॥
raam japat kachh nahee santaap.
Meditating on the Lord, one does not suffer at all.

ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥
गोबिंद जपत सभि मिटे अंधेर ॥
gobind japat sabh mitay anDhayr.
Meditating on the Lord of the Universe, all darkness is dispelled.

ਹਰਿ ਸਿਮਰਤ ਕਛੁ ਨਾਹਿ ਫੇਰ ॥੧॥
हरि सिमरत कछु नाहि फेर ॥१॥
har simrat kachh naahi fayr. ||1||
Meditating in remembrance on the Lord, the cycle of reincarnation comes to an end. ||1||

ਬਸੰਤੁ ਹਮਾਰੈ ਰਾਮ ਰੰਗੁ ॥
बसंतु हमारै राम रंगु ॥
basant hamaarai raam rang.
The love of the Lord is springtime for me.

ਸੰਤ ਜਨਾ ਸਿਉ ਸਦਾ ਸੰਗੁ ॥੧॥ ਰਹਾਉ ॥
संत जना सिउ सदा संगु ॥१॥ रहाउ ॥
sant janaa si-o sadaa sang. ||1|| rahaa-o.
I am always with the humble Saints. ||1||Pause||

ਸੰਤ ਜਨੀ ਕੀਆ ਉਪਦੇਸੁ ॥
संत जनी कीआ उपदेसु ॥
sant janee kee-aa updays.
The Saints have shared the Teachings with me.

ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥
जह गोबिंद भगतु सो धंनि देसु ॥
jah gobind bhagat so Dhan days.
Blessed is that country where the devotees of the Lord of the Universe dwell.

ਹਰਿ ਭਗਤਿਹੀਨ ਉਦਿਆਨ ਥਾਨੁ ॥
हरि भगतिहीन उदिआन थानु ॥
har bhagtiheen udi-aan thaan.
But that place where the Lord's devotees are not, is wilderness.

ਗੁਰ ਪ੍ਰਸਾਦਿ ਘਟਿ ਘਟਿ ਪਛਾਨੁ ॥੨॥
गुर प्रसादि घटि घटि पछानु ॥२॥
gur parsaad ghat ghat pachhaan. ||2||
By Guru's Grace, realize the Lord in each and every heart. ||2||

ਹਰਿ ਕੀਰਤਨ ਰਸ ਭੋਗ ਰੰਗੁ ॥
हरि कीर्तन रस भोग रंगु ॥
har keertan ras bhog rang.
Sing the Kirtan of the Lord's Praises, and enjoy the nectar of His Love.

ਮਨ ਪਾਪ ਕਰਤ ਤੂ ਸਦਾ ਸੰਗੁ ॥
मन पाप करत तू सदा संगु ॥
man paap karat too sadaa sang.
O mortal, you must always restrain yourself from committing sins.

ਨਿਕਟਿ ਪੇਖੁ ਪ੍ਰਭੁ ਕਰਣਹਾਰ ॥
निकटि पेखु प्रभु करणहार ॥
nikat paykh parabh karanhaar.
Behold the Creator Lord God near at hand.

ਈਤ ਊਤ ਪ੍ਰਭ ਕਾਰਜ ਸਾਰ ॥੩॥
ईत ऊत प्रभ कारज सार ॥३॥
eet oot parabh kaaraj saar. ||3||
Here and hereafter, God shall resolve your affairs. ||3||

ਚਰਨ ਕਮਲ ਸਿਉ ਲਗੋ ਧਿਆਨੁ ॥

चरन कमल सिउ लगो धिआनु ॥
charan kamal si-o lago Dhi-aan.
I focus my meditation on the Lord's Lotus Feet.

ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥
करि किरपा प्रभि कीनो दानु ॥
kar kirpaa parabh keeno daan.
Granting His Grace, God has blessed me with this Gift.

ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥
तेरिआ संत जना की बाछउ धूरि ॥
tayri-aa sant janaa kee baachha-o Dhoor.
I yearn for the dust of the feet of Your Saints.

ਜਪਿ ਨਾਨਕ ਸੁਆਮੀ ਸਦ ਹਜੂਰਿ ॥੪॥੧੧॥
जपि नानक सुआमी सद हजूरि ॥४॥११॥
jap Nanak su-aamee sad hajoor. ||4||11||
Nanak meditates on his Lord and Master, who is ever-present, near at hand. ||4||11||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਸਚੁ ਪਰਮੇਸਰੁ ਨਿਤ ਨਵਾ ॥
सचु परमेसरु नित नवा ॥
sach parmaysar nit navaa.
The True Transcendent Lord is always new, forever fresh.

ਗੁਰ ਕਿਰਪਾ ਤੇ ਨਿਤ ਚਵਾ ॥
गुर किरपा ते नित चवा ॥
gur kirpaa tay nit chavaa.
By Guru's Grace, I continually chant His Name.

ਪ੍ਰਭ ਰਖਵਾਲੇ ਮਾਈ ਬਾਪ ॥
प्रभ रखवाले माई बाप ॥

parabh rakhvaalay maa-ee baap.
God is my Protector, my Mother and Father.

ਜਾ ਕੈ ਸਿਮਰਣਿ ਨਹੀ ਸੰਤਾਪ ॥੧॥
जा कै सिमरणि नही संताप ॥१॥
jaa kai simran nahee santaap. ||1||
Meditating in remembrance on Him, I do not suffer in sorrow. ||1||

ਖਸਮੁ ਧਿਆਈ ਇਕ ਮਨਿ ਇਕ ਭਾਇ ॥
खसमु धिआई इक मनि इक भाइ ॥
khasam Dhi-aa-ee ik man ik bhaa-ay.
I meditate on my Lord and Master, single-mindedly, with love.

ਗੁਰ ਪੂਰੇ ਕੀ ਸਦਾ ਸਰਣਾਈ ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ ਰਹਾਉ ॥
गुर पूरे की सदा सरणाई साचै साहिबि रखिआ कंठि लाइ ॥१॥ रहाउ ॥
gur pooray kee sadaa sarnaa-ee saachai saahib rakhi-aa kanth laa-ay. ||1|| rahaa-o.
I seek the Sanctuary of the Perfect Guru forever. My True Lord and Master hugs me close in His Embrace. ||1||Pause||

ਅਪਣੇ ਜਨ ਪ੍ਰਭਿ ਆਪਿ ਰਖੇ ॥
अपणे जन प्रभि आपि रखे ॥
apnay jan parabh aap rakhay.
God Himself protects His humble servants.

ਦੁਸਟ ਦੂਤ ਸਭਿ ਭ੍ਰਮਿ ਥਕੇ ॥
दुसट दूत सभि भ्रमि थके ॥
dusat doot sabh bharam thakay.
The demons and wicked enemies have grown weary of struggling against Him.

ਬਿਨੁ ਗੁਰ ਸਾਚੇ ਨਹੀ ਜਾਇ ॥
बिनु गुर साचे नही जाइ ॥
bin gur saachay nahee jaa-ay.
Without the True Guru, there is no place to go.

ਦੁਖੁ ਦੇਸ ਦਿਸੰਤਰਿ ਰਹੇ ਧਾਇ ॥੨॥

दुखु देस दिसंतरि रहे धाइ ॥२॥

dukh days disantar rahay Dhaa-ay. ||2||

Wandering through the lands and foreign countries, people only grow tired and suffer in pain. ||2||

ਕਿਰਤੁ ਓਨ੍ਾ ਕਾ ਮਿਟਸਿ ਨਾਹਿ ॥

किरतु ओन्हा का मिटसि नाहि ॥

kirat on^{H}aa kaa mitas naahi.

The record of their past actions cannot be erased.

ਓਇ ਅਪਣਾ ਬੀਜਿਆ ਆਪਿ ਖਾਹਿ ॥

ओइ अपणा बीजिआ आपि खाहि ॥

o-ay apnaa beeji-aa aap khaahi.

They harvest and eat what they have planted.

ਜਨ ਕਾ ਰਖਵਾਲਾ ਆਪਿ ਸੋਇ ॥

जन का रखवाला आपि सोइ ॥

jan kaa rakhvaalaa aap so-ay.

The Lord Himself is the Protector of His humble servants.

ਜਨ ਕਉ ਪਹੁਚਿ ਨ ਸਕਸਿ ਕੋਇ ॥੩॥

जन कउ पहुचि न सकसि कोइ ॥३॥

jan ka-o pahuch na sakas ko-ay. ||3||

No one can rival the humble servant of the Lord. ||3||

ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ ॥

प्रभि दास रखे करि जतनु आपि ॥

parabh daas rakhay kar jatan aap.

By His own efforts, God protects His slave.

ਅਖੰਡ ਪੂਰਨ ਜਾ ਕੋ ਪ੍ਰਤਾਪੁ ॥

अखंड पूरन जा को प्रतापु ॥

akhand pooran jaa ko partaap.

God's Glory is perfect and unbroken.

ਗੁਣ ਗੋਬਿੰਦ ਨਿਤ ਰਸਨ ਗਾਇ ॥

गुण गोबिंद नित रसन गाइ ॥

gun gobind nit rasan gaa-ay.
So sing the Glorious Praises of the Lord of the Universe with your tongue forever.

ਨਾਨਕੁ ਜੀਵੈ ਹਰਿ ਚਰਣ ਧਿਆਇ ॥੪॥੧੨॥
नानकु जीवै हरि चरण धिआइ ॥४॥१२॥
Nanak jeevai har charan Dhi-aa-ay. ||4||12||
Nanak lives by meditating on the Feet of the Lord. ||4||12||

ਬਸੰਤੁ ਮਹਲਾ ੫ ॥
बसंतु महला ५ ॥
basant mahalla 5.
Basant, Fifth Mahalla

ਗੁਰ ਚਰਣ ਸਰੇਵਤ ਦੁਖੁ ਗਇਆ ॥
गुर चरण सरेवत दुखु गइआ ॥
gur charan sarayvat dukh ga-i-aa.
Dwelling at the Guru's Feet, pain and suffering go away.

ਪਾਰਬ੍ਰਹਮਿ ਪ੍ਰਭਿ ਕਰੀ ਮਇਆ ॥
पारब्रहमि प्रभि करी मइआ ॥
paarbarahm parabh karee ma-i-aa.
The Supreme Lord God has shown mercy to me.

ਸਰਬ ਮਨੋਰਥ ਪੂਰਨ ਕਾਮ ॥
सरब मनोरथ पूरन काम ॥
sarab manorath pooran kaam.
All my desires and tasks are fulfilled.

ਜਪਿ ਜੀਵੈ ਨਾਨਕੁ ਰਾਮ ਨਾਮ ॥੧॥
जपि जीवै नानकु राम नाम ॥१॥
jap jeevai Nanak raam naam. ||1||
Chanting the Lord's Name, Nanak lives. ||1||

ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥
सा रुति सुहावी जितु हरि चिति आवै ॥
saa rut suhaavee jit har chit aavai.

How beautiful is that season, when the Lord fills the mind.

ਬਿਨੁ ਸਤਿਗੁਰ ਦੀਸੈ ਬਿਲਲਾਂਤੀ ਸਾਕਤੁ ਫਿਰਿ ਫਿਰਿ ਆਵੈ ਜਾਵੈ ॥੧॥ ਰਹਾਉ ॥
baabeehaa khasmai kaa mahal na jaanhee mahal daykh ardaas paa-ay.
O rainbird, you do not know the Mansion of your Lord and Master's Presence. Offer your prayers to see this Mansion.

ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ ॥
आपणै भाणै बहुता बोलहि बोलिआ थाइ न पाइ ॥
aapnai bhaanai bahutaa boleh boli-aa thaa-ay na paa-ay.
You speak as you please, but your speech is not accepted.

ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ ॥
खसमु वडा दातारु है जो इछे सो फल पाइ ॥
khasam vadaa daataar hai jo ichhay so fal paa-ay.
Your Lord and Master is the Great Giver; whatever you desire, you shall receive from Him.

ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ ॥੧॥
बाबीहा किआ बपुड़ा जगतै की तिख जाइ ॥१॥
baabeehaa ki-aa bapurhaa jagtai kee tikh jaa-ay. ||1||
Not only the thirst of the poor rainbird, but the thirst of the whole world is quenched. ||1||

ਮਃ ੩ ॥
मः ३ ॥
mahalla 3.
Third Mahalla

ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ ॥
बाबीहा भिन्नी रैणि बोलिआ सहजे सचि सुभाइ ॥
baabeehaa bhinnee rain boli-aa sehjay sach subhaa-ay.
The night is wet with dew; the rainbird sings the True Name with intuitive ease.

ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ ॥
इहु जलु मेरा जीउ है जल बिनु रहणु न जाइ ॥
ih jal mayraa jee-o hai jal bin rahan na jaa-ay.
This water is my very soul; without water, I cannot survive.

ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ ॥
गुर सबदी जलु पाईऐ विचहु आपु गवाइ ॥
gur sabdee jal paa-ee-ai vichahu aap gavaa-ay.
Through the Word of the Guru's Shabad, this water is obtained, and egotism is eradicated from within.

ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ ॥੨॥
नानक जिसु बिनु चसा न जीवदी सो सतिगुरि दीआ मिलाइ ॥२॥
Nanak jis bin chasaa na jeevdee so satgur dee-aa milaa-ay. ||2||
O Nanak, I cannot live without Him, even for a moment; the True Guru has led me to meet Him. ||2||

ਪਉੜੀ ॥
पउड़ी ॥
pa-orhee.
Pauree:

ਖੰਡ ਪਤਾਲ ਅਸੰਖ ਮੈ ਗਣਤ ਨ ਹੋਈ ॥
खंड पताल असंख मै गणत न होई ॥
khand pataal asaNkh mai ganat na ho-ee.
There are countless worlds and nether regions; I cannot calculate their number.

ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ॥
तू करता गोविंदु तुधु सिरजी तुधै गोई ॥
too kartaa govind tuDh sirjee tuDhai go-ee.

You are the Creator, the Lord of the Universe; You create it, and You destroy it.

ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥
लख चउरासीह मेदनी तुझ ही ते होई ॥
lakh cha-oraaseeh maydnee tujh hee tay ho-ee.
The 8.4 million species of beings issued forth from You.

ਇਕਿ ਰਾਜੇ ਖਾਨ ਮਲੂਕ ਕਹਹਿ ਕਹਾਵਹਿ ਕੋਈ ॥
इकि राजे खान मलूक कहहि कहावहि कोई ॥
ik raajay khaan malook kaheh kahaaveh ko-ee.
Some are called kings, emperors and nobles.

ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ ॥
इकि साह सदावहि संचि धनु दूजै पति खोई ॥
ik saah sadaaveh sanch Dhan doojai pat kho-ee.
Some claim to be bankers and accumulate wealth, but in duality they lose their honor.

ਇਕਿ ਦਾਤੇ ਇਕ ਮੰਗਤੇ ਸਭਨਾ ਸਿਰਿ ਸੋਈ ॥
इकि दाते इक मंगते सभना सिरि सोई ॥
ik daatay ik mangtay sabhnaa sir so-ee.
Some are givers, and some are beggars; God is above the heads of all.

ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ ॥
विणु नावै बाजारीआ भीहावलि होई ॥
vin naavai baajaaree-aa bheehaaval ho-ee.
Without the Name, they are vulgar, dreadful and wretched.

ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁ ਹੋਈ ॥੧੨॥
कूड़ निखुटे नानका सचु करे सु होई ॥१२॥
koorh nikhutay naankaa sach karay so ho-ee. ||12||
Falsehood shall not last, O Nanak; whatever the True Lord does, comes to pass. ||12||

ਸਲੋਕ ਮਃ ੩ ॥
सलोक मः ३ ॥

salok mahalla 3.
Shalok, Third Mahalla

ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ ॥
बाबीहा गुणवंती महलु पाइआ अउगणवंती दूरि ॥
baabeehaa gunvantee mahal paa-i-aa a-uganvantee door.
O rainbird, the virtuous soul-bride attains the Mansion of her Lord's Presence; the unworthy, unvirtuous one is far away.

ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ ॥
अंतरि तेरै हरि वसै गुरमुखि सदा हजूरि ॥
antar tayrai har vasai gurmukh sadaa hajoor.
Deep within your inner being, the Lord abides. The Gurmukh beholds Him ever-present.

ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ ॥
कूक पुकार न होवई नदरी नदरि निहाल ॥
kook pukaar na hova-ee nadree nadar nihaal.
When the Lord bestows His Glance of Grace, the mortal no longer weeps and wails.

ਨਾਨਕ ਨਾਮਿ ਰਤੇ ਸਹਜੇ ਮਿਲੇ ਸਬਦਿ ਗੁਰੂ ਕੈ ਘਾਲ ॥੧॥
नानक नामि रते सहजे मिले सबदि गुरू कै घाल ॥१॥
Nanak naam ratay sehjay milay sabad guroo kai ghaal. ||1||
O Nanak, those who are imbued with the Naam intuitively merge with the Lord; they practice the Word of the Guru's Shabad. ||1||

Page: 1284

ਮਃ ੩ ॥
मः ३ ॥
mahalla 3.
Third Mahalla

ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ ॥
बाबीहा बेनती करे करि किरपा देहु जीअ दान ॥

baabeehaa bayntee karay kar kirpaa dayh jee-a daan.
The rainbird prays: O Lord, grant Your Grace, and bless me with the gift of the life of the soul.

ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ ॥
जल बिनु पिआस न ऊतरै छुटकि जाँहि मेरे प्रान ॥
jal bin pi-aas na ootrai chhutak jaaNhi mayray paraan.
Without the water, my thirst is not quenched, and my breath of life is ended and gone.

ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ ਨੇਧਾਨੁ ॥
तू सुखदाता बेअंतु है गुणदाता नेधानु ॥
too sukh-daata bay-ant hai gundaataa nayDhaan.
You are the Giver of peace, O Infinite Lord God; You are the Giver of the treasure of virtue.

ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ ॥੨॥
नानक गुरमुखि बखसि लए अंति बेली होइ भगवानु ॥२॥
Nanak gurmukh bakhas la-ay ant baylee ho-ay bhagvaan. ||2||
O Nanak, the Gurmukh is forgiven; in the end, the Lord God shall be your only friend. ||2||

ਪਉੜੀ ॥
पउड़ी ॥
pa-orhee.
Pauree:

ਆਪੇ ਜਗਤੁ ਉਪਾਇ ਕੈ ਗੁਣ ਅਉਗਣ ਕਰੇ ਬੀਚਾਰੁ ॥
आपे जगतु उपाइ कै गुण अउगण करे बीचारु ॥
aapay jagat upaa-ay kai gun a-ugan karay beechaar.
He created the world; He considers the merits and demerits of the mortals.

ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥
त्रै गुण सर्ब जंजालु है नामि न धरे पिआरु ॥
tarai gun sarab janjaal hai naam na Dharay pi-aar.
Those who are entangled in the three gunas - the three dispositions - do not love the Naam, the Name of the Lord.

ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥
गुण छोडि अउगण कमावदे दरगह होहि खुआरु ॥
gun chhod a-ugan kamaavday dargeh hohi khu-aar.
Forsaking virtue, they practice evil; they shall be miserable in the Court of the Lord.

ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥
जूऐ जनमु तिनी हारिआ कितु आए संसारि ॥
joo-ai janam tinee haari-aa kit aa-ay sansaar.
They lose their life in the gamble; why did they even come into the world?

ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ ॥
सचै सबदि मनु मारिआ अहिनिसि नामि पिआरि ॥
sachai sabad man maari-aa ahinis naam pi-aar.
But those who conquer and subdue their minds, through the True Word of the Shabad - night and day, they love the Naam.

ਜਿਨੀ ਪੁਰਖੀ ਉਰਿ ਧਾਰਿਆ ਸਚਾ ਅਲਖ ਅਪਾਰੁ ॥
जिनी पुरखी उरि धारिआ सचा अलख अपारु ॥
jinee purkhee ur Dhaari-aa sachaa alakh apaar.
Those people enshrine the True, Invisible and Infinite Lord in their hearts.

ਤੂ ਗੁਣਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ ॥
तू गुणदाता निधानु हहि असी अवगणिआर ॥
too gundaataa niDhaan heh asee avgani-aar.
You, O Lord, are the Giver, the Treasure of virtue; I am unvirtuous and unworthy.

ਜਿਸੁ ਬਖਸੇ ਸੋ ਪਾਇਸੀ ਗੁਰ ਸਬਦੀ ਵੀਚਾਰੁ ॥੧੩॥
जिसु बखसे सो पाइसी गुर सबदी वीचारु ॥१३॥
jis bakhsay so paa-isee gur sabdee veechaar. ||13||
He alone finds You, whom You bless and forgive, and inspire to contemplate the Word of the Guru's Shabad. ||13||

ਸਲੋਕ ਮਃ ੫ ॥
सलोक मः ५ ॥

salok mahalla 5.
Shalok, Fifth Mahalla

ਰਾਤਿ ਨ ਵਿਹਾਵੀ ਸਾਕਤਾਂ ਜਿਨ੍ਹਾ ਵਿਸਰੈ ਨਾਉ ॥
राति न विहावी साकताँ जिन्हा विसरै नाउ ॥
raat na vihaavee saaktaa^N jin^{H}aa visrai naa-o.
The faithless cynics forget the Name of the Lord; the night of their lives does not pass in peace.

ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਣ ਗਾਂਉ ॥੧॥
राती दिनस सुहेलीआ नानक हरि गुण गाँउ ॥१॥
raatee dinas suhaylee-aa Nanak har gun gaa^N-o. ||1||
Their days and nights become comfortable, O Nanak, singing the Glorious Praises of the Lord. ||1||

ਮਃ ੫ ॥
मः ५ ॥
mahalla 5.
Fifth Mahalla

ਰਤਨ ਜਵੇਹਰ ਮਾਣਕਾ ਹਭੇ ਮਣੀ ਮਥੰਨਿ ॥
रतन जवेहर माणका हभे मणी मथंनि ॥
ratan javayhar maankaa habhay manee mathann.
All sorts of jewels and gems, diamonds and rubies, shine forth from their foreheads.

ਨਾਨਕ ਜੋ ਪ੍ਰਭਿ ਭਾਣਿਆ ਸਚੈ ਦਰਿ ਸੋਹੰਨਿ ॥੨॥
नानक जो प्रभि भाणिआ सचै दरि सोहंनि ॥२॥
Nanak jo parabh bhaani-aa sachai dar sohann. ||2||
O Nanak, those who are pleasing to God, look beautiful in the Court of the Lord. ||2||

ਪਉੜੀ ॥
पउड़ी ॥
pa-orhee.
Pauree:

ਸਚਾ ਸਤਿਗੁਰੁ ਸੇਵਿ ਸਚੁ ਸਮ੍ਹਾਲਿਆ ॥

सचा सतिगुरु सेवि सचु सम्हालिआ ॥

sachaa satgur sayv sach sam^{H}aali-aa.

Serving the True Guru, I dwell on the True Lord.

ਅੰਤਿ ਖਲੋਆ ਆਇ ਜਿ ਸਤਿਗੁਰ ਅਗੈ ਘਾਲਿਆ ॥

अंति खलोआ आइ जि सतिगुर अगै घालिआ ॥

ant khalo-aa aa-ay je satgur agai ghaali-aa.

The work you have done for the True Guru shall be very useful in the end.

ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥

पोहि न सकै जमकालु सचा रखवालिआ ॥

pohi na sakai jamkaal sachaa rakhvaali-aa.

The Messenger of Death cannot even touch that person who is protected by the True Lord.

ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥

गुर साखी जोति जगाइ दीवा बालिआ ॥

gur saakhee jot jagaa-ay deevaa baali-aa.

Lighting the lamp of the Guru's Teachings, my awareness has been awakened.

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥

मनमुख विणु नावै कूड़िआर फिरहि बेतालिआ ॥

manmukh vin naavai koorhi-aar fireh baytaali-aa.

The self-willed manmukhs are false; without the Name, they wander around like demons.

ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥

पसू माणस चंमि पलेटे अंदरहु कालिआ ॥

pasoo maanas chamm palaytay andrahu kaali-aa.

They are nothing more than beasts, wrapped up in human skin; they are black-hearted within.

ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ ॥

सभो वरतै सचु सचै सबदि निहालिआ ॥

sabho vartai sach sachai sabad nihaali-aa.

The True Lord is pervading all; through the True Word of the Shabad, He is seen.

ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥੧੪॥

नानक नामु निधानु है पूरै गुरि देखालिआ ॥१४॥

Nanak naam niDhaan hai poorai gur daykhaali-aa. ||14||

O Nanak, the Naam is the greatest treasure. The Perfect Guru has revealed it to me. ||14||

ਸਲੋਕ ਮਃ ੩ ॥

सलोक मः ३ ॥

salok mahalla 3.

Shalok, Third Mahalla

ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ ॥

बाबीहै हुकमु पछाणिआ गुर कै सहजि सुभाइ ॥

baabeehai hukam pachhaani-aa gur kai sahj subhaa-ay.

The rainbird realizes the Hukam of the Lord's Command with intuitive ease through the Guru.

ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥

मेघु वरसै दइआ करि गूड़ी छहबर लाइ ॥

maygh varsai da-i-aa kar goorhee chhahbar laa-ay.

The clouds mercifully burst forth, and the rain pours down in torrents.

ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ ॥

बाबीहे कूक पुकार रहि गई सुखु वसिआ मनि आइ ॥

baabeehay kook pukaar reh ga-ee sukh vasi-aa man aa-ay.

The cries and wailings of the rainbird have ceased, and peace has come to abide in its mind.

ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥੧॥

नानक सो सालाहीऐ जि देंदा सभनाँ जीआ रिजकु समाइ ॥१॥

Nanak so salaahee-ai je dayNdaa sabhnaaN jee-aa rijak samaa-ay. ||1||

O Nanak, praise that Lord, who reaches out and gives sustenance to all beings and creatures. ||1||

ਮਃ ੩ ॥
मः ३ ॥
mahalla 3.
Third Mahalla

ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ ॥
चात्रिक तू न जाणही किआ तुधु विचि तिखा है कितु पीतै तिख जाइ ॥
chaatrik too na jaanhee ki-aa tuDh vich tikhaa hai kit peetai tikh jaa-ay.
O rainbird, you do not know what thirst is within you, or what you can drink to quench it.

ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ ॥
दूजै भाइ भरंमिआ अम्रित जलु पलै न पाइ ॥
doojai bhaa-ay bharammi-aa amrit jal palai na paa-ay.
You wander in the love of duality, and you do not obtain the Ambrosial Water.

ਨਦਰਿ ਕਰੇ ਜੇ ਆਪਣੀ ਤਾਂ ਸਤਿਗੁਰੁ ਮਿਲੈ ਸੁਭਾਇ ॥
नदरि करे जे आपणी तां सतिगुरु मिलै सुभाइ ॥
nadar karay jay aapnee taa^N satgur milai subhaa-ay.
When God casts His Glance of Grace, then the mortal automatically meets the True Guru.

ਨਾਨਕ ਸਤਿਗੁਰ ਤੇ ਅੰਮ੍ਰਿਤ ਜਲੁ ਪਾਇਆ ਸਹਜੇ ਰਹਿਆ ਸਮਾਇ ॥੨॥
नानक सतिगुर ते अम्रित जलु पाइआ सहजे रहिआ समाइ ॥२॥
Nanak satgur tay amrit jal paa-i-aa sehjay rahi-aa samaa-ay. ||2||
O Nanak, the Ambrosial Water is obtained from the True Guru, and then the mortal remains merged in the Lord with intuitive ease. ||2||

ਪਉੜੀ ॥
पउड़ी ॥
pa-orhee.
Pauree:

ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥
इकि वण खंडि बैसहि जाइ सदु न देवही ॥
ik van khand baiseh jaa-ay sad na dayvhee.

Some go and sit in the forest realms, and do not answer any calls.

ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥
इकि पाला ककरु भंनि सीतलु जलु हेंवही ॥
ik paalaa kakar bhann seetal jal hay^{N}vahee.
Some, in the dead of winter, break the ice and immerse themselves in freezing water.

ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥
इकि भसम चड़्हावहि अंगि मैलु न धोवही ॥
ik bhasam charh^{H}aavahi ang mail na Dhovhee.
Some rub ashes on their bodies, and never wash off their dirt.

ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥
इकि जटा बिकट बिकराल कुलु घरु खोवही ॥
ik jataa bikat bikraal kul ghar khovhee.
Some look hideous, with their uncut hair matted and dishevelled. They bring dishonor to their family and ancestry.

Page: 1285

ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ ॥
इकि नगन फिरहि दिनु राति नींद न सोवही ॥
ik nagan fireh din raat nee^{N}d na sovhee.
Some wander naked day and night and never sleep.

ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥
इकि अगनि जलावहि अंगु आपु विगोवही ॥
ik agan jalaaveh ang aap vigovahee.
Some burn their limbs in fire, damaging and ruining themselves.

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥
विणु नावै तनु छारु किआ कहि रोवही ॥
vin naavai tan chhaar ki-aa kahi rovhee.
Without the Name, the body is reduced to ashes; what good is it to speak and cry then?

ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥੧੫॥
सोहनि खसम दुआरि जि सतिगुरु सेवही ॥१५॥
sohan khasam du-aar je satgur sayvhee. ||15||
Those who serve the True Guru, are embellished and exalted in the Court of their Lord and Master. ||15||

ਸਲੋਕ ਮਃ ੩ ॥
सलोक मः ३ ॥
salok mahalla 3.
Shalok, Third Mahalla

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥
बाबीहा अमृत वेलै बोलिआ ताँ दरि सुणी पुकार ॥
baabeehaa amrit vaylai boli-aa taa^N dar sunee pukaar.
The rainbird chirps in the ambrosial hours of the morning before the dawn; its prayers are heard in the Court of the Lord.

ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥
मेघै नो फुरमानु होआ वरसहु किरपा धारि ॥
mayghai no furmaan ho-aa varsahu kirpaa Dhaar.
The order is issued to the clouds, to let the rains of mercy shower down.

ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥
हउ तिन कै बलिहारणै जिनी सचु रखिआ उरि धारि ॥
ha-o tin kai balihaarnai jinee sach rakhi-aa ur Dhaar.
I am a sacrifice to those who enshrine the True Lord within their hearts.

ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥
नानक नामे सभ हरीआवली गुर कै सबदि वीचारि ॥१॥
Nanak naamay sabh haree-aavalee gur kai sabad veechaar. ||1||
O Nanak, through the Name, all are rejuvenated, contemplating the Word of the Guru's Shabad. ||1||

ਮਃ ੩ ॥
मः ३ ॥
mahalla 3.

Third Mahalla

ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ ॥

बाबीहा इव तेरी तिखा न उतरै जे सउ करहि पुकार ॥

baabeehaa iv tayree tikhaa na utrai jay sa-o karahi pukaar.

O rainbird, this is not the way to quench your thirst, even though you may cry out a hundred times.

ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ ॥

नदरी सतिगुरु पाईऐ नदरी उपजै पिआरु ॥

nadree satgur paa-ee-ai nadree upjai pi-aar.

By God's Grace, the True Guru is found; by His Grace, love wells up.

ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ ॥੨॥

नानक साहिबु मनि वसै विचहु जाहि विकार ॥२॥

Nanak saahib man vasai vichahu jaahi vikaar. ||2||

O Nanak, when the Lord and Master abides in the mind, corruption and evil leave from within. ||2||

ਪਉੜੀ ॥

पउड़ी ॥

pa-orhee.

Pauree:

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥

इकि जैनी उझड़ पाइ धुरहु खुआइआ ॥

ik jainee ujharh paa-ay Dharahu khu-aa-i-aa.

Some are Jains, wasting their time in the wilderness; by their pre-ordained destiny, they are ruined.

ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ ॥

तिन मुखि नाही नामु न तीरथि न्हाइआ ॥

tin mukh naahee naam na tirath n[H]aa-i-aa.

The Naam, the Name of the Lord, is not on their lips; they do not bathe at sacred shrines of pilgrimage.

ਹਥੀ ਸਿਰ ਖੋਹਾਇਨ ਭਦੁ ਕਰਾਇਆ ॥

हथी सिर खोहाइन भदु कराइआ ॥

hathee sir khohaa-ayan bhad karaa-i-aa.

They pull out their hair with their hands, instead of shaving.

ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥

कुचिल रहहि दिन राति सबदु न भाइआ ॥

kuchil raheh din raat sabad na bhaa-i-aa.

They remain unclean day and night; they do not love the Word of the Shabad.

ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥

तिन जाति न पति न करमु जनमु गवाइआ ॥

tin jaat na pat na karam janam gavaa-i-aa.

They have no status, no honor, and no good karma. They waste away their lives in vain.

ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥

मनि जूठै वेजाति जूठा खाइआ ॥

man joothai vayjaat joothaa khaa-i-aa.

Their minds are false and impure; that which they eat is impure and defiled.

ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥

बिनु सबदै आचारु न किन ही पाइआ ॥

bin sabdai aachaar na kin hee paa-i-aa.

Without the Shabad, no one achieves a lifestyle of good conduct.

ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥

गुरमुखि ओअंकारि सचि समाइआ ॥१६॥

gurmukh o-ankaar sach samaa-i-aa. ||16||

The Gurmukh is absorbed in the True Lord God, the Universal Creator. ||16||

ਸਲੋਕ ਮਃ ੩ ॥

सलोक मः ३ ॥

salok mahalla 3.

Shalok, Third Mahalla

ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥
सावणि सरसी कामणी गुर सबदी वीचारि ॥
saavan sarsee kaamnee gur sabdee veechaar.
In the month of Saawan, the bride is happy, contemplating the Word of the Guru's Shabad.

ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥੧॥
नानक सदा सुहागणी गुर कै हेति अपारि ॥१॥
Nanak sadaa suhaaganee gur kai hayt apaar. ||1||
O Nanak, she is a happy soul-bride forever; her love for the Guru is unlimited. ||1||

ਮਃ ੩ ॥
मः ३ ॥
mahalla 3.
Third Mahalla

ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ ॥
सावणि दझै गुण बाहरी जिसु दूजै भाइ पिआरु ॥
saavan dajhai gun baahree jis doojai bhaa-ay pi-aar.
In Saawan, she who has no virtue is burned, in attachment and love of duality.

ਨਾਨਕ ਪਿਰ ਕੀ ਸਾਰ ਨ ਜਾਣਈ ਸਭੁ ਸੀਗਾਰੁ ਖੁਆਰੁ ॥੨॥
नानक पिर की सार न जाणई सभु सीगारु खुआरु ॥२॥
Nanak pir kee saar na jaan-ee sabh seegaar khu-aar. ||2||
O Nanak, she does not appreciate the value of her Husband Lord; all her decorations are worthless. ||2||

ਪਉੜੀ ॥
पउड़ी ॥
pa-orhee.
Pauree:

ਸਚਾ ਅਲਖ ਅਭੇਉ ਹਠਿ ਨ ਪਤੀਜਈ ॥
सचा अलख अभेउ हठि न पतीजई ॥

sachaa alakh abhay-o hath na pateeja-ee.
The True, Unseen, Mysterious Lord is not won over by stubbornness.

ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥
इकि गावहि राग परीआ रागि न भीजई ॥
ik gaavahi raag paree-aa raag na bheej-ee.
Some sing according to traditional ragas, but the Lord is not pleased by these ragas.

ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥
इकि नचि नचि पूरहि ताल भगति न कीजई ॥
ik nach nach pooreh taal bhagat na keej-ee.
Some dance and dance and keep the beat, but they do not worship Him with devotion.

ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥
इकि अन्नु न खाहि मूरख तिना किआ कीजई ॥
ik ann na khaahi moorakh tinaa ki-aa keej-ee.
Some refuse to eat; what can be done with these fools?

ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥
तृसना होई बहुतु किवै न धीजई ॥
tarisnaa ho-ee bahut kivai na Dheej-ee.
Thirst and desire have greatly increased; nothing brings satisfaction.

ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥
कर्म वधहि कै लोअ खपि मरीजई ॥
karam vaDheh kai lo-a khap mareeja-ee.
Some are tied down by rituals; they hassle themselves to death.

ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥
लाहा नामु संसारि अमृतु पीजई ॥
laahaa naam sansaar amrit peej-ee.
In this world, profit comes by drinking in the Ambrosial Nectar of the Naam.

ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥੧੭॥
हरि भगती असनेहि गुरमुखि घीजई ॥१७॥

har bhagtee asnayhi gurmukh gheej-ee. ||17||
The Gurmukhs gather in loving devotional worship of the Lord. ||17||

ਸਲੋਕ ਮਃ ੩ ॥
सलोक मः ३ ॥
salok mahalla 3.
Shalok, Third Mahalla

ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥
गुरमुखि मलार रागु जो करहि तिन मनु तनु सीतलु होइ ॥
gurmukh malaar raag jo karahi tin man tan seetal ho-ay.
Those Gurmukhs who sing in the Raga of Malaar - their minds and bodies become cool and calm.

ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥
गुर सबदी एकु पछाणिआ एको सचा सोइ ॥
gur sabdee ayk pachhaani-aa ayko sachaa so-ay.
Through the Word of the Guru's Shabad, they realize the One, the One True Lord.

ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥
मनु तनु सचा सचु मनि सचे सची सोइ ॥
man tan sachaa sach man sachay sachee so-ay.
Their minds and bodies are true; they obey the True Lord, and they are known as true.

ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥
अंदरि सची भगति है सहजे ही पति होइ ॥
andar sachee bhagat hai sehjay hee pat ho-ay.
True devotional worship is deep within them; they are automatically blessed with honor.

ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥
कलिजुग महि घोर अंधारु है मनमुख राहु न कोइ ॥
kalijug meh ghor anDhaar hai manmukh raahu na ko-ay.
In this Dark Age of Kali Yuga, there is utter darkness; the self-willed manmukh cannot find the way.

ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥

से वडभागी नानका जिन गुरमुखि परगटु होइ ॥१॥

say vadbhaagee naankaa jin gurmukh pargat ho-ay. ||1||

O Nanak, very blessed are those Gurmukhs, unto whom the Lord is revealed. ||1||

ਮਃ ੩ ॥

मः ३ ॥

mahalla 3.

Third Mahalla

ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ ॥

इंदु वरसै करि दइआ लोकाँ मनि उपजै चाउ ॥

ind varsai kar da-i-aa lokaa^N man upjai chaa-o.

The clouds rain down mercifully, and joy wells up in the minds of the people.

ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਂਉ ॥

जिस कै हुकमि इंदु वरसदा तिस कै सद बलिहारै जाँउ ॥

jis kai hukam ind varasdaa tis kai sad balihaarai jaa^N-o.

I am forever a sacrifice to the One, by whose Command the clouds burst forth with rain.

Page: 1286

ਗੁਰਮੁਖਿ ਸਬਦੁ ਸਮ੍ਾਲੀਐ ਸਚੇ ਕੇ ਗੁਣ ਗਾਉ ॥

गुरमुखि सबदु सम्हालीऐ सचे के गुण गाउ ॥

gurmukh sabad sam^{H}aalee-ai sachay kay gun gaa-o.

The Gurmukhs dwell on the Word of the Shabad. They sing the Glorious Praises of the True Lord.

ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ ॥੨॥

नानक नामि रते जन निरमले सहजे सचि समाउ ॥२॥

Nanak naam ratay jan nirmalay sehjay sach samaa-o. ||2||

O Nanak, those humble beings who are imbued with the Naam are pure and immaculate. They are intuitively merged in the True Lord. ||2||

ਪਉੜੀ ॥
पउड़ी ॥
pa-orhee.
Pauree:

ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥
पूरा सतिगुरु सेवि पूरा पाइआ ॥
pooraa satgur sayv pooraa paa-i-aa.
Serving the Perfect True Guru, I have found the Perfect Lord.

ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥
पूरै करमि धिआइ पूरा सबदु मंनि वसाइआ ॥
poorai karam Dhi-aa-ay pooraa sabad man vasaa-i-aa.
Meditating on the Perfect Lord, by perfect karma, I have enshrined the Shabad within my mind.

ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥
पूरै गिआनि धिआनि मैलु चुकाइआ ॥
poorai gi-aan Dhi-aan mail chukaa-i-aa.
Through perfect spiritual wisdom and meditation, my filth has been washed away.

ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥
हरि सरि तीरथि जाणि मनूआ नाइआ ॥
har sar tirath jaan manoo-aa naa-i-aa.
The Lord is my sacred shrine of pilgrimage and pool of purification; I wash my mind in Him.

ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥
सबदि मरै मनु मारि धन्नु जणेदी माइआ ॥
sabad marai man maar Dhan janaydee maa-i-aa.
One who dies in the Shabad and conquers his mind - blessed is the mother who gave birth to him.

ਦਰਿ ਸਚੈ ਸਚਿਆਰੁ ਸਚਾ ਆਇਆ ॥
दरि सचै सचिआरु सचा आइआ ॥
dar sachai sachiaar sachaa aa-i-aa.
He is true in the Court of the Lord, and his coming into this world is judged to be true.

ਪੁਛਿ ਨ ਸਕੈ ਕੋਇ ਜਾਂ ਖਸਮੈ ਭਾਇਆ ॥
पुछि न सकै कोइ जाँ खसमै भाइआ ॥
puchh na sakai ko-ay jaa^N khasmai bhaa-i-aa.
No one can challenge that person, with whom our Lord and Master is pleased.

ਨਾਨਕ ਸਚੁ ਸਲਾਹਿ ਲਿਖਿਆ ਪਾਇਆ ॥੧੮॥
नानक सचु सलाहि लिखिआ पाइआ ॥१८॥
Nanak sach salaahi likhi-aa paa-i-aa. ||18||
O Nanak, praising the True Lord, his pre-ordained destiny is activated. ||18||

ਸਲੋਕ ਮਃ ੧ ॥
सलोक मः १ ॥
salok mahalla 1.
Shalok, Third Mahalla

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
कुलहाँ देंदे बावले लैंदे वडे निलज ॥
kulhaa^N day^{N}day baavlay lai^{N}day vaday nilaj.
Those who give out ceremonial hats of recognition are fools; those who receive them have no shame.

ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
चूहा खड न मावई तिकलि बन्नै छज ॥
choohaa khad na maav-ee tikal ban^{H}ai chhaj.
The mouse cannot enter its hole with a basket tied around its waist.

ਦੇਨਿ੍ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥
देनि् दुआई से मरहि जिन कउ देनि सि जाहि ॥
dayni^H du-aa-ee say mareh jin ka-o dayn se jaahi.

Those who give out blessings shall die, and those that they bless shall also depart.

ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥
नानक हुकमु न जापई किथै जाइ समाहि ॥
Nanak hukam na jaap-ee kithai jaa-ay samaahi.
O Nanak, no one knows the Lord's Command, by which all must depart.

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥
फसलि अहाड़ी एकु नामु सावणी सचु नाउ ॥
fasal ahaarhee ayk naam saavnee sach naa-o.
The spring harvest is the Name of the One Lord; the harvest of autumn is the True Name.

ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥
मै महदूदु लिखाइआ खसमै कै दरि जाइ ॥
mai mehdood likhaa-i-aa khasmai kai dar jaa-ay.
I receive a letter of pardon from my Lord and Master, when I reach His Court.

ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥
दुनीआ के दर केतड़े केते आवहि जाँहि ॥
dunee-aa kay dar kayt-rhay kaytay aavahi jaa^{N}hi.
There are so many courts of the world, and so many who come and go there.

ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥
केते मंगहि मंगते केते मंगि मंगि जाहि ॥१॥
kaytay mangeh mangtay kaytay mang mang jaahi. ||1||
There are so many beggars begging; so many beg and beg until death. ||1||

ਮਃ ੧ ॥
मः १ ॥
mahalla 1.
First Mahalla

ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥
सउ मणु हसती घिउ गुड़ु खावै पंजि सै दाणा खाइ ॥
sa-o man hastee ghi-o gurh khaavai panj sai daanaa khaa-ay.
The elephant eats a hundred pounds of ghee and molasses, and five hundred pounds of corn.

ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥
डकै फूकै खेह उडावै साहि गइऐ पछुताइ ॥
dakai fookai khayh udaavai saahi ga-i-ai pachhutaa-ay.
He belches and grunts and scatters dust, and when the breath leaves his body, he regrets it.

ਅੰਧੀ ਫੂਕਿ ਮੁਈ ਦੇਵਾਨੀ ॥
अंधी फूकि मुई देवानी ॥
anDhee fook mu-ee dayvaanee.
The blind and arrogant die insane.

ਖਸਮਿ ਮਿਟੀ ਫਿਰਿ ਭਾਨੀ ॥
खसमि मिटी फिरि भानी ॥
khasam mitee fir bhaanee.
Submitting to the Lord, one become pleasing to Him.

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥
अधु गुल्हा चिड़ी का चुगणु गैणि चड़ी बिललाइ ॥
aDh gul^{H}aa chirhee kaa chugan gain charhee billaa-ay.
The sparrow eats only half a grain, then it flies through the sky and chirps.

ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥
खसमै भावै ओहा चंगी जि करे खुदाइ खुदाइ ॥
khasmai bhaavai ohaa changee je karay khudaa-ay khudaa-ay.
The good sparrow is pleasing to her Lord and Master, if she chirps the Name of the Lord.

ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥
सकता सीहु मारे सै मिरिआ सभ पिछै पै खाइ ॥
saktaa seehu maaray sai miri-aa sabh pichhai pai khaa-ay.

The powerful tiger kills hundreds of deer, and all sorts of other animals eat what it leaves.

ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥
होइ सताणा घुरै न मावै साहि गइऐ पछुताइ ॥
ho-ay sataanaa ghurai na maavai saahi ga-i-ai pachhutaa-ay.
It becomes very strong, and cannot be contained in its den, but when it must go, it regrets.

ਅੰਧਾ ਕਿਸ ਨੋ ਬੁਕਿ ਸੁਣਾਵੈ ॥
अंधा किस नो बुकि सुणावै ॥
anDhaa kis no buk sunaavai.
So who is impressed by the roar of the blind beast?

ਖਸਮੈ ਮੂਲਿ ਨ ਭਾਵੈ ॥
खसमै मूलि न भावै ॥
khasmai mool na bhaavai.
He is not pleasing at all to his Lord and Master.

ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥
अक सिउ प्रीति करे अक तिडा अक डाली बहि खाइ ॥
ak si-o pareet karay ak tidaa ak daalee bahi khaa-ay.
The insect loves the milkweed plant; perched on its branch, it eats it.

ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥
खसमै भावै ओहो चंगा जि करे खुदाइ खुदाइ ॥
khasmai bhaavai oho changa je karay khudaa-ay khudaa-ay.
It becomes good and pleasing to its Lord and Master, if it chirps the Name of the Lord.

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥
नानक दुनीआ चारि दिहाड़े सुखि कीतै दुखु होई ॥
Nanak dunee-aa chaar dihaarhay sukh keetai dukh ho-ee.
O Nanak, the world lasts for only a few days; indulging in pleasures, pain is produced.

ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥

गला वाले हैनि घणेरे छडि न सकै कोई ॥

galaa vaalay hain ghanayray chhad na sakai ko-ee.

There are many who boast and brag, but none of them can remain detached from the world.

ਮਖੰੀ ਮਿਠੈ ਮਰਣਾ ॥

मखंी मिठै मरणा ॥

makhee^{N} mithai marnaa.

The fly dies for the sake of sweets.

ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥

जिन तू रखहि तिन नेड़ि न आवै तिन भउ सागरु तरणा ॥२॥

jin too rakheh tin nayrh na aavai tin bha-o saagar tarnaa. ||2||

O Lord, death does not even approach those whom You protect. You carry them across the terrifying world-ocean. ||2||

ਪਉੜੀ ॥

पउड़ी ॥

pa-orhee.

Pauree:

ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ ॥

अगम अगोचरु तू धणी सचा अलख अपारु ॥

agam agochar too Dhanee sachaa alakh apaar.

You are Inaccessible and Unfathomable, O Invisible and Infinite True Lord Master.

ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥

तू दाता सभि मंगते इको देवणहारु ॥

too daataa sabh mangtay iko dayvanhaar.

You are the Giver, all are beggars of You. You alone are the Great Giver.

ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥

जिनी सेविआ तिनी सुखु पाइआ गुरमती वीचारु ॥

jinee sayvi-aa tinee sukh paa-i-aa gurmatee veechaar.

Those who serve You find peace, reflecting on the Guru's Teachings.

ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥
इकना नो तुधु एवै भावदा माइआ नालि पिआरु ॥
iknaa no tuDh ayvai bhaavdaa maa-i-aa naal pi-aar.
Some, according to Your Will, are in love with Maya.

ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥
गुर कै सबदि सलाहीऐ अंतरि प्रेम पिआरु ॥
gur kai sabad salaahee-ai antar paraym pi-aar.
Through the Word of the Guru's Shabad, praise the Lord with love and affection within.

ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥
विणु प्रीती भगति न होवई विणु सतिगुर न लगै पिआरु ॥
vin pareetee bhagat na hova-ee vin satgur na lagai pi-aar.
Without love, there is no devotion. Without the True Guru, love is not enshrined.

ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ॥
तू प्रभु सभि तुधु सेवदे इक ढाढी करे पुकार ॥
too parabh sabh tuDh sayvday ik dhaadhee karay pukaar.
You are the Lord God; everyone serves You. This is the prayer of Your humble minstrel.

ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥੧੯॥
देहि दानु संतोखीआ सचा नामु मिलै आधारु ॥१९॥
deh daan santokhee-aa sachaa naam milai aaDhaar. ||19||
Please bless me with the gift of contentment, that I may receive the True Name as my Support. ||19||

Page: 1287

ਸਲੋਕ ਮਃ ੧ ॥
सलोक मः १ ॥
salok mahalla 1.
Shalok, First Mahalla

ਰਾਤੀ ਕਾਲੁ ਘਟੈ ਦਿਨਿ ਕਾਲੁ ॥

राती कालु घटै दिनि कालु ॥

raatee kaal ghatai din kaal.

Through the night the time ticks away; through the day the time ticks away.

ਛਿਜੈ ਕਾਇਆ ਹੋਇ ਪਰਾਲੁ ॥

छिजै काइआ होइ परालु ॥

chhijai kaa-i-aa ho-ay paraal.

The body wears away and turns to straw.

ਵਰਤਣਿ ਵਰਤਿਆ ਸਰਬ ਜੰਜਾਲੁ ॥

वरतणि वरतिआ सरब जंजालु ॥

vartan varti-aa sarab janjaal.

All are involved and entangled in worldly entanglements.

ਭੁਲਿਆ ਚੁਕਿ ਗਇਆ ਤਪ ਤਾਲੁ ॥

भुलिआ चुकि गइआ तप तालु ॥

bhuli-aa chuk ga-i-aa tap taal.

The mortal has mistakenly renounced the way of service.

ਅੰਧਾ ਝਖਿ ਝਖਿ ਪਇਆ ਝੇਰਿ ॥

अंधा झखि झखि पइआ झेरि ॥

anDhaa jhakh jhakh pa-i-aa jhayr.

The blind fool is caught in conflict, bothered and bewildered.

ਪਿਛੈ ਰੋਵਹਿ ਲਿਆਵਹਿ ਫੇਰਿ ॥

पिछै रोवहि लिआवहि फेरि ॥

pichhai roveh li-aaveh fayr.

Those who weep after someone has died - can they bring him back to life?

ਬਿਨੁ ਬੂਝੇ ਕਿਛੁ ਸੂਝੈ ਨਾਹੀ ॥

बिनु बूझे किछु सूझै नाही ॥

bin boojhay kichh soojhai naahee.

Without realization, nothing can be understood.

ਮੋਇਆ ਰੋਂਹਿ ਰੋਂਦੇ ਮਰਿ ਜਾਂਹੀਂ ॥

मोइआ रोंहि रोंदे मरि जाँहंी ॥

mo-i-aa ro^{N}hi ro^{N}day mar jaa^{N}hee^N.

The weepers who weep for the dead shall themselves die as well.

ਨਾਨਕ ਖਸਮੈ ਏਵੈ ਭਾਵੈ ॥

नानक खसमै एवै भावै ॥

Nanak khasmai ayvai bhaavai.

O Nanak, this is the Will of our Lord and Master.

ਸੇਈ ਮੁਏ ਜਿਨਿ ਚਿਤਿ ਨ ਆਵੈ ॥੧॥

सेई मुए जिनि चिति न आवै ॥१॥

say-ee mu-ay jin chit na aavai. ||1||

Those who do not remember the Lord, are dead. ||1||

ਮਃ ੧ ॥

मः १ ॥

mahalla 1.

First Mahalla

ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ ॥

मुआ पिआरु प्रीति मुई मुआ वैरु वादी ॥

mu-aa pi-aar pareet mu-ee mu-aa vair vaadee.

Love dies, and affection dies; hatred and strife die.

ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ ॥

वन्नु गइआ रूपु विणसिआ दुखी देह रुली ॥

vann ga-i-aa roop vinsi-aa dukhee dayh rulee.

The color fades, and beauty vanishes; the body suffers and collapses.

ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁ ਸੀ ॥

किथहु आइआ कह गइआ किहु न सीओ किहु सी ॥

kithhu aa-i-aa kah ga-i-aa kihu na see-o kihu see.

Where did he come from? Where is he going? Did he exist or not?

ਮਨਿ ਮੁਖਿ ਗਲਾ ਗੋਈਆ ਕੀਤਾ ਚਾਉ ਰਲੀ ॥

मनि मुखि गला गोईआ कीता चाउ रली ॥

man mukh galaa go-ee-aa keetaa chaa-o ralee.

The self-willed manmukh made empty boasts, indulging in parties and pleasures.

ਨਾਨਕ ਸਚੇ ਨਾਮ ਬਿਨੁ ਸਿਰ ਖੁਰ ਪਤਿ ਪਾਟੀ ॥੨॥
नानक सचे नाम बिनु सिर खुर पति पाटी ॥२॥
Nanak sachay naam bin sir khur pat paatee. ||2||
O Nanak, without the True Name, his honor is torn away, from head to foot. ||2||

ਪਉੜੀ ॥
पउड़ी ॥
pa-orhee.
Pauree:

ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥
अमृत नामु सदा सुखदाता अंते होइ सखाई ॥
amrit naam sadaa sukh-daata antay ho-ay sakhaa-ee.
The Ambrosial Naam, the Name of the Lord, is forever the Giver of peace. It shall be your Help and Support in the end.

ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥
बाझु गुरू जगतु बउराना नावै सार न पाई ॥
baajh guroo jagat ba-uraanaa naavai saar na paa-ee.
Without the Guru, the world is insane. It does not appreciate the worth of the Name.

ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ ਜੋਤੀ ਜੋਤਿ ਮਿਲਾਈ ॥
सतिगुरु सेवहि से परवाणु जिन्ह जोती जोति मिलाई ॥
satgur sayveh say parvaan jinH jotee jot milaa-ee.
Those who serve the True Guru are accepted and approved. Their light merges into the Light.

ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ ॥
सो साहिबु सो सेवकु तेहा जिसु भाणा मंनि वसाई ॥
so saahib so sayvak tayhaa jis bhaanaa man vasaa-ee.
That servant who enshrines the Lord's Will within his mind, becomes just like his Lord and Master.

ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥
आपणै भाणै कहु किनि सुखु पाइआ अंधा अंधु कमाई ॥
aapnai bhaanai kaho kin sukh paa-i-aa anDhaa anDh kamaa-ee.
Tell me, who has ever found peace by following his own will? The blind act in blindness.

ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ ॥
बिखिआ कदे ही रजै नाही मूरख भुख न जाई ॥
bikhi-aa kaday hee rajai naahee moorakh bhukh na jaa-ee.
No one is ever satisfied and fulfilled by evil and corruption. The hunger of the fool is not satisfied.

ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ ॥
दूजै सभु को लगि विगुता बिनु सतिगुर बूझ न पाई ॥
doojai sabh ko lag vigutaa bin satgur boojh na paa-ee.
Attached to duality, all are ruined; without the True Guru, there is no understanding.

ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ ॥੨੦॥
सतिगुरु सेवे सो सुखु पाए जिस नो किरपा करे रजाई ॥२०॥
satgur sayvay so sukh paa-ay jis no kirpaa karay rajaa-ee. ||20||
Those who serve the True Guru find peace; they are blessed with Grace by the Will of the Lord. ||20||

ਸਲੋਕ ਮਃ ੧ ॥
सलोक मः १ ॥
salok mahalla 1.
Shalok, First Mahalla

ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥
सरमु धरमु दुइ नानका जे धनु पलै पाइ ॥
saram Dharam du-ay naankaa jay Dhan palai paa-ay.
Modesty and righteousness both, O Nanak, are qualities of those who are blessed with true wealth.

ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥

सो धनु मित्रु न काँढीऐ जितु सिरि चोटाँ खाइ ॥

so Dhan mitar na kaa^{N}dhee-ai jit sir chotaa^{N} khaa-ay.

Do not refer to that wealth as your friend, which leads you to get your head beaten.

ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥

जिन कै पलै धनु वसै तिन का नाउ फकीर ॥

jin kai palai Dhan vasai tin kaa naa-o fakeer.

Those who possess only this worldly wealth are known as paupers.

ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥

जिन् कै हिरदै तू वसहि ते नर गुणी गहीर ॥१॥

jin^{H} kai hirdai too vaseh tay nar gunee gaheer. ||1||

But those, within whose hearts You dwell, O Lord - those people are oceans of virtue. ||1||

ਮਃ ੧ ॥

मः १ ॥

mahalla 1.

First Mahalla

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥

दुखी दुनी सहेड़ीऐ जाइ त लगहि दुख ॥

dukhee dunee sahayrhee-ai jaa-ay ta lageh dukh.

Worldly possessions are obtained by pain and suffering; when they are gone, they leave pain and suffering.

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥

नानक सचे नाम बिनु किसै न लथी भुख ॥

Nanak sachay naam bin kisai na lathee bhukh.

O Nanak, without the True Name, hunger is never satisfied.

ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥

रूपी भुख न उतरै जाँ देखाँ ताँ भुख ॥

roopee bhukh na utrai jaa^{N} daykhaa^{N} taa^{N} bhukh.

Beauty does not satisfy hunger; when the man sees beauty, he hungers even more.

ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥੨॥
जेते रस सरीर के तेते लगहि दुख ॥२॥
jaytay ras sareer kay taytay lageh dukh. ||2||
As many as are the pleasures of the body, so many are the pains which afflict it. ||2||

ਮਃ ੧ ॥
मः १ ॥
mahalla 1.
First Mahalla

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥
अंधी कम्मी अंधु मनु मनि अंधै तनु अंधु ॥
anDhee kammee anDh man man anDhai tan anDh.
Acting blindly, the mind becomes blind. The blind mind makes the body blind.

ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥
चिकड़ि लाइऐ किआ थीऐ जाँ तुटै पथर बंधु ॥
chikarh laa-i-ai ki-aa thee-ai jaa^N tutai pathar banDh.
Why make a dam with mud and plaster? Even a dam made of stones gives way.

ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥
बंधु तुटा बेड़ी नही ना तुलहा ना हाथ ॥
banDh tutaa bayrhee nahee naa tulhaa naa haath.
The dam has burst. There is no boat. There is no raft. The water's depth is unfathomable.

ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥
नानक सचे नाम विणु केते डुबे साथ ॥३॥
Nanak sachay naam vin kaytay dubay saath. ||3||
O Nanak, without the True Name, many multitudes have drowned. ||3||

ਮਃ ੧ ॥
मः १ ॥

mahalla 1.
First Mahalla

ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥
लख मण सुइना लख मण रुपा लख साहा सिरि साह ॥
lakh man su-inaa lakh man rupaa lakh saahaa sir saah.
Thousands of pounds of gold, and thousands of pounds of silver; the king over the heads of thousands of kings.

ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥
लख लसकर लख वाजे नेजे लखी घोड़ी पातिसाह ॥
lakh laskar lakh vaajay nayjay lakhee ghorhee paatisaah.
Thousands of armies, thousands of marching bands and spearmen; the emperor of thousands of horsemen.

ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥
जिथै साइरु लंघणा अगनि पाणी असगाह ॥
jithai saa-ir langh-naa agan paanee asgaah.
The unfathomable ocean of fire and water must be crossed.

ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥
कंधी दिसि न आवई धाही पवै कहाह ॥
kanDhee dis na aavee Dhaahee pavai kahaah.
The other shore cannot be seen; only the roar of pitiful cries can be heard.

ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥੪॥
नानक ओथै जाणीअहि साह केई पातिसाह ॥४॥
Nanak othai jaanee-ahi saah kay-ee paatisaah. ||4||
O Nanak, there, it shall be known, whether anyone is a king or an emperor. ||4||

ਪਉੜੀ ॥
पउड़ी ॥
pa-orhee.
Pauree:

ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ ॥

इकना गलीं जंजीर बंदि रबाणीऐ ॥

iknaa galee^N janjeer band rabaanee-ai.

Some have chains around their necks, in bondage to the Lord.

ਬਧੇ ਛੁਟਹਿ ਸਚਿ ਸਚੁ ਪਛਾਣੀਐ ॥

बधे छुटहि सचि सचु पछाणीऐ ॥

baDhay chhuteh sach sach pachhaanee-ai.

They are released from bondage, realizing the True Lord as True.

Page: 1288

ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥

लिखिआ पलै पाइ सो सचु जाणीऐ ॥

likhi-aa palai paa-ay so sach jaanee-ai.

One whose pre-ordained destiny is activated, comes to know the True Lord.

ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥

हुकमी होइ निबेड़ु गइआ जाणीऐ ॥

hukmee ho-ay nibayrh ga-i-aa jaanee-ai.

By God's Command, it is ordained. When the mortal goes, he knows.

ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥

भउजल तारणहारु सबदि पछाणीऐ ॥

bha-ojal taaranhaar sabad pachhaanee-ai.

Realize the Word of the Shabad, and cross over the terrifying world-ocean.

ਚੋਰ ਜਾਰ ਜੂਆਰ ਪੀੜੇ ਘਾਣੀਐ ॥

चोर जार जूआर पीड़े घाणीऐ ॥

chor jaar joo-aar peerhay ghaanee-ai.

Thieves, adulterers and gamblers are pressed like seeds in the mill.

ਨਿੰਦਕ ਲਾਇਤਬਾਰ ਮਿਲੇ ਹੜ੍ਹਵਾਣੀਐ ॥

निंदक लाइतबार मिले हड़्वाणीऐ ॥

nindak laa-itbaar milay harh^{H}vaanee-ai.

Slanderers and gossipers are hand-cuffed.

ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥
गुरमुखि सचि समाइ सु दरगह जाणीऐ ॥२१॥
gurmukh sach samaa-ay so dargeh jaanee-ai. ||21||
The Gurmukh is absorbed in the True Lord, and is famous in the Court of the Lord. ||21||

ਸਲੋਕ ਮਃ ੨ ॥
सलोक मः २ ॥
salok mahalla 2.
Shalok, Second Mahalla

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥
नाउ फकीरै पातिसाहु मूरख पंडितु नाउ ॥
naa-o fakeerai paatisaahu moorakh pandit naa-o.
The beggar is known as an emperor, and the fool is known as a religious scholar.

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
अंधे का नाउ पारखू एवै करे गुआउ ॥
anDhay kaa naa-o paarkhoo ayvai karay gu-aa-o.
The blind man is known as a seer; this is how people talk.

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥
इलति का नाउ चउधरी कूड़ी पूरे थाउ ॥
ilat kaa naa-o cha-uDhree koorhee pooray thaa-o.
The trouble-maker is called a leader, and the liar is seated with honor.

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥
नानक गुरमुखि जाणीऐ कलि का एहु निआउ ॥१॥
Nanak gurmukh jaanee-ai kal kaa ayhu ni-aa-o. ||1||
O Nanak, the Gurmukhs know that this is justice in the Dark Age of Kali Yuga. ||1||

ਮਃ ੧ ॥
मः १ ॥
mahalla 1.
First Mahalla

ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥

हरणाँ बाजाँ तै सिकदाराँ एन्हा पड़्हिआ नाउ ॥

harnaa^{N} baajaa^{N} tai sikdaaraa^{N} ayn^{H}aa parh^{H}-aa naa-o.

Deer, falcons and government officials are known to be trained and clever.

ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥

फाँधी लगी जाति फहाइनि अगै नाही थाउ ॥

faa^{N}Dhee lagee jaat fahaa-in agai naahee thaa-o.

When the trap is set, they trap their own kind; hereafter they will find no place of rest.

ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ ॥

सो पड़िआ सो पंडितु बीना जिन्ही कमाणा नाउ ॥

so parhi-aa so pandit beenaa jin^{H}ee kamaanaa naa-o.

He alone is learned and wise, and he alone is a scholar, who practices the Name.

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥

पहिलो दे जड़ अंदरि जम्मै ता उपरि होवै छाँउ ॥

pahilo day jarh andar jammai taa upar hovai chhaa^{N}-o.

First, the tree puts down its roots, and then it spreads out its shade above.

ਰਾਜੇ ਸੀਹ ਮੁਕਦਮ ਕੁਤੇ ॥

राजे सीह मुकदम कुते ॥

raajay seeh mukdam kutay.

The kings are tigers, and their officials are dogs;

ਜਾਇ ਜਗਾਇਨ੍ਹਿ ਬੈਠੇ ਸੁਤੇ ॥

जाइ जगाइन्हि बैठे सुते ॥

jaa-ay jagaa-ini^{H} baithay sutay.

they go out and awaken the sleeping people to harass them.

ਚਾਕਰ ਨਹਦਾ ਪਾਇਨ੍ਹਿ ਘਾਉ ॥

चाकर नहदा पाइन्हि घाउ ॥

chaakar nahdaa paa-ini^{H} ghaa-o.

The public servants inflict wounds with their nails.

ਰਤੁ ਪਿਤੁ ਕੁਤਿਹੋ ਚਟਿ ਜਾਹੁ ॥

रतु पितु कुतिहो चटि जाहु ॥

rat pit kutiho chat jaahu.

The dogs lick up the blood that is spilled.

ਜਿਥੈ ਜੀਆਂ ਹੋਸੀ ਸਾਰ ॥

जिथै जीआँ होसी सार ॥

jithai jee-aa^N hosee saar.

But there, in the Court of the Lord, all beings will be judged.

ਨਕੀਂ ਵਢੀਂ ਲਾਇਤਬਾਰ ॥੨॥

नकीं वढीं लाइतबार ॥२॥

nakee^N vadhee^N laa-itbaar. ||2||

Those who have violated the people's trust will be disgraced; their noses will be cut off. ||2||

ਪਉੜੀ ॥

पउड़ी ॥

pa-orhee.

Pauree:

ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥

आपि उपाए मेदनी आपे करदा सार ॥

aap upaa-ay maydnee aapay kardaa saar.

He Himself creates the world, and He himself takes care of it.

ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥

भै बिनु भरमु न कटीऐ नामि न लगै पिआरु ॥

bhai bin bharam na katee-ai naam na lagai pi-aar.

Without the Fear of God, doubt is not dispelled, and love for the Name is not embraced.

ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥

सतिगुर ते भउ ऊपजै पाईऐ मोख दुआर ॥

satgur tay bha-o oopjai paa-ee-ai mokh du-aar.

Through the True Guru, the Fear of God wells up, and the Door of Salvation is found.

ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
भै ते सहजु पाईऐ मिलि जोती जोति अपार ॥
bhai tay sahj paa-ee-ai mil jotee jot apaar.
Through the Fear of God, intuitive ease is obtained, and one's light merges into the Light of the Infinite.

ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥
भै ते भैजलु लंघीऐ गुरमती वीचारु ॥
bhai tay bhaijal langhee-ai gurmatee veechaar.
Through the Fear of God, the terrifying world-ocean is crossed over, reflecting on the Guru's Teachings.

ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ ॥
भै ते निरभउ पाईऐ जिस दा अंतु न पारावारु ॥
bhai tay nirbha-o paa-ee-ai jis daa ant na paaraavaar.
Through the Fear of God, the Fearless Lord is found; He has no end or limitation.

ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥
मनमुख भै की सार न जाणनी तृसना जलते करहि पुकार ॥
manmukh bhai kee saar na jaannee tarisnaa jaltay karahi pukaar.
The self-willed manmukhs do not appreciate the value of the Fear of God. Burning in desire, they weep and wail.

ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥
नानक नावै ही ते सुखु पाइआ गुरमती उरि धार ॥२२॥
Nanak naavai hee tay sukh paa-i-aa gurmatee ur Dhaar. ||22||
O Nanak, through the Name, peace is obtained, by enshrining the Guru's Teachings within the heart. ||22||

ਸਲੋਕ ਮਃ ੧ ॥
सलोक मः १ ॥
salok mahalla 1.
Shalok, First Mahalla

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥
रूपै कामै दोसती भुखै सादै गंढु ॥
roopai kaamai dostee bhukhai saadai gandh.
Beauty and sexual desire are friends; hunger and tasty food are tied together.

ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥
लबै मालै घुलि मिलि मिचलि ऊंघै सउड़ि पलंघु ॥
labai maalai ghul mil michal oo[N]ghai sa-urh palangh.
Greed is bound up in its search for wealth, and sleep will use even a tiny space as a bed.

ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥
भंउकै कोपु खुआरु होइ फकड़ु पिटे अंधु ॥
bha[N]ukai kop khu-aar ho-ay fakarh pitay anDh.
Anger barks and brings ruin on itself, blindly pursuing useless conflicts.

ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥
चुपै चंगा नानका विणु नावै मुहि गंधु ॥१॥
chupai changa naankaa vin naavai muhi ganDh. ||1||
It is good to be silent, O Nanak; without the Name, one's mouth spews forth only filth. ||1||

ਮਃ ੧ ॥
मः १ ॥
mahalla 1.
First Mahalla

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
राजु मालु रूपु जाति जोबनु पंजे ठग ॥
raaj maal roop jaat joban panjay thag.
Royal power, wealth, beauty, social status and youth are the five thieves.

ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
एनी ठगीं जगु ठगिआ किनै न रखी लज ॥
aynee thagee[N] jag thagi-aa kinai na rakhee laj.

These thieves have plundered the world; no one's honor has been spared.

ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥
एना ठगनि् ठग से जि गुर की पैरी पाहि ॥
aynaa thagni^{H} thag say je gur kee pairee paahi.
But these thieves themselves are robbed, by those who fall at the Guru's Feet.

ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥
नानक करमा बाहरे होरि केते मुठे जाहि ॥२॥
Nanak karmaa baahray hor kaytay muthay jaahi. ||2||
O Nanak, the multitudes who do not have good karma are plundered. ||2||

ਪਉੜੀ ॥
पउड़ी ॥
pa-orhee.
Pauree:

ਪੜਿਆ ਲੇਖੇਦਾਰੁ ਲੇਖਾ ਮੰਗੀਐ ॥
पड़िआ लेखेदारु लेखा मंगीऐ ॥
parhi-aa laykhaydaar laykhaa mangee-ai.
The learned and educated are called to account for their actions.

ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥
विणु नावै कूड़िआरु अउखा तंगीऐ ॥
vin naavai koorhi-aar a-ukhaa tangee-ai.
Without the Name, they are judged false; they become miserable and suffer hardship.

ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥
अउघट रुधे राह गलीआँ रोकीआँ ॥
a-ughat ruDhay raah galee-aa^{N} rokee-aa^{N}.
Their path becomes treacherous and difficult, and their way is blocked.

ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥
सचा वेपरवाहु सबदि संतोखीआँ ॥
sachaa vayparvaahu sabad santokhee-aa^{N}.

Through the Shabad, the Word of the True and Independent Lord God, one becomes content.

ਗਹਿਰ ਗਭੀਰ ਅਥਾਹੁ ਹਾਥ ਨ ਲਭਈ ॥
गहिर गभीर अथाहु हाथ न लभई ॥
gahir gabheer athaahu haath na labh-ee.
The Lord is deep and profound and unfathomable; His depth cannot be measured.

ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥
मुहे मुहि चोटा खाहु विणु गुर कोइ न छुटसी ॥
muhay muhi chotaa khaahu vin gur ko-ay na chhutsee.
Without the Guru, the mortals are beaten and punched in the face and the mouth, and no one is released.

ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥
पति सेती घरि जाहु नामु वखाणीऐ ॥
pat saytee ghar jaahu naam vakhaanee-ai.
Chanting the Naam, the Name of the Lord, one returns to his true home with honor.

ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥
हुकमी साह गिराह देंदा जाणीऐ ॥२३॥
hukmee saah giraah dayNdaa jaanee-ai. ||23||
Know that the Lord, by the Hukam of His Command, gives sustenance and the breath of life. ||23||

Page: 1289

ਸਲੋਕ ਮਃ ੧ ॥
सलोक मः १ ॥
salok mahalla 1.
Shalok, First Mahalla

ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥
पउणै पाणी अगनी जीउ तिन किआ खुसीआ किआ पीड़ ॥

pa-unai paanee agnee jee-o tin ki-aa khusee-aa ki-aa peerh.
Living beings are formed of air, water and fire. They are subject to pleasure and pain.

ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥
धरती पाताली आकासी इकि दरि रहनि वजीर ॥
Dhartee paataalee aakaasee ik dar rahan vajeer.
In this world, in the nether regions of the underworld, and in the Akaashic ethers of the heavens, some remain ministers in the Court of the Lord.

ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥
इकना वडी आरजा इकि मरि होहि जहीर ॥
iknaa vadee aarjaa ik mar hohi jaheer.
Some live long lives, while others suffer and die.

ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥
इकि दे खाहि निखुटै नाही इकि सदा फिरहि फकीर ॥
ik day khaahi nikhutai naahee ik sadaa fireh fakeer.
Some give and consume, and still their wealth is not exhausted, while others remain poor forever.

ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥
हुकमी साजे हुकमी ढाहे एक चसे महि लख ॥
hukmee saajay hukmee dhaahay ayk chasay meh lakh.
In His Will He creates, and in His Will He destroys thousands in an instant.

ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥
सभु को नथै नथिआ बखसे तोड़े नथ ॥
sabh ko nathai nathi-aa bakhsay torhay nath.
He has harnessed everyone with His harness; when He forgives, he breaks the harness.

ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥
वरना चिहना बाहरा लेखे बाझु अलखु ॥
varnaa chihnaa baahraa laykhay baajh alakh.
He has no color or features; He is invisible and beyond calculation.

ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥
किउ कथीऐ किउ आखीऐ जापै सचो सचु ॥
ki-o kathee-ai ki-o aakhee-ai jaapai sacho sach.
How can He be described? He is known as the Truest of the True.

ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥
करणा कथना कार सभ नानक आपि अकथु ॥
karnaa kathnaa kaar sabh Nanak aap akath.
All the actions which are done and described, O Nanak, are done by the Indescribable Lord Himself.

ਅਕਥ ਕੀ ਕਥਾ ਸੁਣੇਇ ॥
अकथ की कथा सुणेइ ॥
akath kee kathaa sunay-ay.
Whoever hears the description of the indescribable,

ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥੧॥
रिधि बुधि सिधि गिआनु सदा सुखु होइ ॥१॥
riDh buDh siDh gi-aan sadaa sukh ho-ay. ||1||
is blessed with wealth, intelligence, perfection, spiritual wisdom and eternal peace. ||1||

ਮਃ ੧ ॥
मः १ ॥
mahalla 1.
First Mahalla

ਅਜਰੁ ਜਰੈ ਤ ਨਉ ਕੁਲ ਬੰਧੁ ॥
अजरु जरै त नउ कुल बंधु ॥
ajar jarai ta na-o kul banDh.
One who bears the unbearable, controls the nine holes of the body.

ਪੂਜੈ ਪ੍ਰਾਣ ਹੋਵੈ ਥਿਰੁ ਕੰਧੁ ॥
पूजै प्राण होवै थिरु कंधु ॥
poojai paraan hovai thir kanDh.
One who worships and adores the Lord with his breath of life, gains stability in his body-wall.

ਕਹਾਂ ਤੇ ਆਇਆ ਕਹਾਂ ਏਹੁ ਜਾਣੁ ॥
कहाँ ते आइआ कहाँ एहु जाणु ॥
kahaaN tay aa-i-aa kahaaN ayhu jaan.
